Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 321 14/05/2026 www.samajweekly.com samajweekly @samajweekly samajweekly

# ਸਾਉਣੀ ਦੀਆਂ ਫ਼ਸਲਾਂ ਦੇ MSP ਵਿੱਚ ਵਾਧਾ, ਝੋਨੇ ਦਾ ਭਾਅ 72 ਰੁਪਏ ਵਧਿਆ, ਤੇਲਬੀਜਾਂ ਅਤੇ ਦਾਲਾਂ 'ਤੇ ਵਿਸ਼ੇਸ਼ ਜ਼ੋਰ

## ਨਰਮੇ ਦੇ ਭਾਅ 'ਚ 557 ਰੁਪਏ ਅਤੇ ਮੱਕੀ ਦੇ ਭਾਅ 'ਚ 10 ਰੁਪਏ ਦਾ ਵਾਧਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਕਿਸਾਨਾਂ ਲਈ ਵੱਡਾ ਫੈਸਲਾ ਲੈਂਦਿਆਂ ਸਾਲ 2026-27 ਦੇ ਸਾਉਣੀ ਮੰਡੀਕਰਨ ਸੀਜ਼ਨ ਲਈ 14 ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (MSP) ਵਿੱਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਤਹਿਤ ਝੋਨੇ ਦੀ ਐਮ.ਐਸ.ਪੀ. ਵਿੱਚ 72 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਹੁਣ ਝੋਨੇ ਦੀ ਕੀਮਤ 2,441 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ (CCEA) ਦੀ ਮੀਟਿੰਗ ਵਿੱਚ ਫ਼ਸਲੀ ਵੰਨ-ਸੁਵੰਨਤਾ ਨੂੰ ਉਤਸ਼ਾਹਿਤ ਕਰਨ ਲਈ ਤੇਲ ਦੇ ਬੀਜਾਂ ਅਤੇ ਦਾਲਾਂ ਦੇ ਭਾਅ ਵਿੱਚ ਸਭ ਤੋਂ ਵੱਧ ਵਾਧਾ ਕੀਤਾ ਗਿਆ ਹੈ। ਸੂਰਜਮੁਖੀ ਦੇ ਬੀਜਾਂ ਵਿੱਚ ਸਭ ਤੋਂ ਵੱਧ 622 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਇਸ ਦੀ ਨਵੀਂ ਕੀਮਤ 8,343 ਰੁਪਏ ਹੋ ਗਈ ਹੈ।

ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ, ''ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਲਾਗਤ 'ਤੇ ਘੱਟੋ-ਘੱਟ 50 ਫੀਸਦੀ ਮੁਨਾਫਾ ਮਿਲੇ।'' ਉਨ੍ਹਾਂ ਅੱਗੇ ਦੱਸਿਆ, ''ਮੂੰਗੀ ਦੀ ਫ਼ਸਲ 'ਤੇ ਸਭ ਤੋਂ ਵੱਧ 61 ਫੀਸਦੀ ਮਾਰਜਿਨ ਦਿੱਤਾ ਜਾ ਰਿਹਾ ਹੈ, ਜਦਕਿ ਬਾਜਰਾ ਅਤੇ ਮੱਕੀ 'ਤੇ 56 ਫੀਸਦੀ ਮਾਰਜਿਨ ਤੈਅ ਕੀਤਾ ਗਿਆ ਹੈ।''

ਹੋਰ ਮੁੱਖ ਫ਼ਸਲਾਂ 'ਚ ਕਪਾਹ (ਦਰਮਿਆਨਾ ਰੇਸ਼ਾ) ਦੀ ਕੀਮਤ 557 ਰੁਪਏ ਵਧ ਕੇ 8,267 ਰੁਪਏ, ਅਰਹਰ (ਤੂਅਰ) ਦੀ ਕੀਮਤ 450 ਰੁਪਏ ਵਧ ਕੇ 8,450 ਰੁਪਏ ਅਤੇ ਮੱਕੀ ਦੀ ਕੀਮਤ 10 ਰੁਪਏ ਵਧ ਕੇ 2,410 ਰੁਪਏ ਹੋ ਗਈ ਹੈ।

ਇਸ ਦੌਰਾਨ ਭਾਰਤੀ ਵੈਜੀਟੇਬਲ ਆਇਲ ਪ੍ਰੋਡਿਊਸਰਜ਼ ਐਸੋਸੀਏਸ਼ਨ (IVPA) ਦੇ ਪ੍ਰਧਾਨ ਸੁਧਾਕਰ ਦੇਸਾਈ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਕਿ, ''ਤੇਲਬੀਜਾਂ ਦੀ ਐਮ.ਐਸ.ਪੀ. ਵਿੱਚ ਵਾਧਾ ਸ਼ਲਾਘਾਯੋਗ ਹੈ, ਪਰ ਸਰਕਾਰ ਨੂੰ ਇੱਕ ਸਥਿਰ ਆਯਾਤ ਡਿਊਟੀ ਢਾਂਚੇ ਦੀ ਵੀ ਲੋੜ ਹੈ।''

ਸਰਕਾਰ ਦਾ ਅਨੁਮਾਨ ਹੈ ਕਿ ਇਸ ਵਾਧੇ ਨਾਲ ਖ਼ਜ਼ਾਨੇ 'ਤੇ 2.60 ਲੱਖ ਕਰੋੜ ਰੁਪਏ ਦਾ ਬੋਝ ਪਵੇਗਾ। ਇਹ ਫੈਸਲਾ ਜੂਨ ਮਹੀਨੇ ਵਿੱਚ ਦੱਖਣ-ਪੱਛਮੀ ਮਾਨਸੂਨ ਦੇ ਆਗਮਨ ਦੇ ਨਾਲ ਹੀ ਸ਼ੁਰੂ ਹੋਣ ਵਾਲੀ ਬਿਜਾਈ ਤੋਂ ਪਹਿਲਾਂ ਲਿਆ ਗਿਆ ਹੈ ਤਾਂ ਜੋ ਕਿਸਾਨ ਆਪਣੀ ਫ਼ਸਲ ਦੀ ਚੋਣ ਸਮਝਦਾਰੀ ਨਾਲ ਕਰ ਸਕਣ।

# ਅਖਿਲੇਸ਼ ਯਾਦਵ ਦੇ ਭਰਾ ਪ੍ਰਤੀਕ ਯਾਦਵ ਦਾ ਦੇਹਾਂਤ

**ਨਵੀਂ ਦਿਲੀ।** ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਦੇ ਭਰਾ ਪ੍ਰਤੀਕ ਯਾਦਵ ਦਾ ਅੱਜ ਦਿਹਾਂਤ ਹੋ ਗਿਆ। ਉਹ 38 ਸਾਲ ਦੇ ਸਨ। ਉਨ੍ਹਾਂ ਨੂੰ ਸਵੇਰੇ 6 ਵਜੇ ਲਖਨਊ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮੌਤ ਦਾ ਕਾਰਨ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਲਾਸ਼ ਨੂੰ ਪੋਸਟਮਾਰਟਮ ਲਈ ਕੇਜੀਐਮਯੂ ਭੇਜ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ, ਪ੍ਰਤੀਕ ਨੂੰ 30 ਅਪ੍ਰੈਲ ਨੂੰ ਗੰਭੀਰ ਹਾਲਤ ਵਿੱਚ ਲਖਨਊ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਤਿੰਨ ਦਿਨਾਂ ਬਾਅਦ ਉਨ੍ਹਾਂ ਦੀ ਹਾਲਤ ਵਿਚ ਥੋੜ੍ਹਾ ਸੁਧਾਰ ਆਇਆ ਅਤੇ ਫਿਰ



ਉਹ ਹਸਪਤਾਲ ਤੋਂ ਛੁੱਟੀ ਲਏ ਬਿਨਾਂ ਘਰ ਚਲੇ ਗਏ। ਪ੍ਰਤੀਕ ਮੁਲਾਇਮ ਸਿੰਘ ਯਾਦਵ ਦੀ ਦੂਜੀ ਪਤਨੀ ਸਾਧਨਾ ਗੁਪਤਾ ਦਾ ਪੁੱਤਰ ਸੀ। ਪ੍ਰਤੀਕ ਦੀ ਪਤਨੀ, ਭਾਜਪਾ ਨੇਤਾ ਅਪਰਣਾ ਇਸ ਸਮੇਂ ਅਸਾਮ ਵਿੱਚ ਹੈ ਅਤੇ ਲਖਨਊ ਲਈ ਰਵਾਨਾ ਹੋ ਗਈ ਹੈ। ਅਪਰਣਾ ਇਸ ਸਮੇਂ ਉੱਤਰ ਪ੍ਰਦੇਸ਼ ਰਾਜ ਮਹਿਲਾ ਕਮਿਸ਼ਨ ਦੀ ਉਪ-ਪ੍ਰਧਾਨ ਹੈ। ਪ੍ਰਤੀਕ ਨੇ ਯੂਕੇ ਦੀ ਲੀਡਜ਼ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ ਸੀ। ਉਹ ਰਾਜਨੀਤੀ ਤੋਂ ਦੂਰ ਸਨ। ਉਹ ਇੱਕ ਰੀਅਲ ਅਸਟੇਟ ਅਤੇ ਫਿਟਨੈਸ ਕਾਰੋਬਾਰ ਚਲਾਉਂਦਾ ਸੀ। ਉਸ ਦਾ ਲਖਨਊ ਵਿੱਚ "ਦਿ ਫਿਟਨੈਸ ਪਲੈਨੇਟ" ਨਾਮਕ ਇੱਕ ਜਿਮ ਵੀ ਹੈ। ਪ੍ਰਤੀਕ "ਜੀਵ ਆਸ਼ਰੇ" ਨਾਮਕ ਇੱਕ ਸੰਸਥਾ ਵੀ ਚਲਾਉਂਦਾ ਸੀ, ਜੋ ਗਲੀ ਦੇ ਕੁੱਤਿਆਂ ਦਾ ਇਲਾਜ, ਦੇਖਭਾਲ, ਖੁਆਉਣਾ ਅਤੇ ਬਚਾਅ ਕਰਦੀ ਹੈ। ਪ੍ਰਤੀਕ ਦਾ 14 ਸਾਲ ਪਹਿਲਾਂ ਅਪਰਣਾ ਯਾਦਵ ਨਾਲ ਪ੍ਰੇਮ ਵਿਆਹ ਹੋਇਆ ਸੀ। ਉਨ੍ਹਾਂ ਦੀ ਪ੍ਰੇਮ ਕਹਾਣੀ 2001 ਵਿੱਚ ਸ਼ੁਰੂ ਹੋਈ ਸੀ। ਉਹ ਇੱਕ ਜਨਮਦਿਨ ਦੀ ਪਾਰਟੀ ਵਿੱਚ ਮਿਲੇ ਸਨ ਅਤੇ ਫਿਰ ਈਮੇਲ ਰਾਹੀਂ ਸੰਚਾਰ ਕਰਨ ਲੱਗੇ। 4 ਦਸੰਬਰ, 2011 ਨੂੰ, ਉਨ੍ਹਾਂ ਨੇ ਸੈਫਈ (ਇਟਾਵਾ) ਵਿੱਚ ਬਹੁਤ ਧੂਮਧਾਮ ਨਾਲ ਵਿਆਹ ਕਰਵਾਇਆ। ਅਮਿਤਾਭ ਬੱਚਨ ਸਮੇਤ ਕਈ ਪ੍ਰਮੁੱਖ ਹਸਤੀਆਂ ਇਸ ਹਾਈ-ਪ੍ਰੋਫਾਈਲ ਵਿਆਹ ਵਿੱਚ ਸ਼ਾਮਲ ਹੋਈਆਂ। ਉਨ੍ਹਾਂ ਦੀਆਂ ਦੋ ਧੀਆਂ ਹਨ।

# ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 12ਵੀਂ ਦੇ ਨਤੀਜੇ ਦਾ ਐਲਾਨ



**ਚੰਡੀਗੜ੍ਹ।** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਅੱਜ 12ਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਇਸ ਵਾਰ ਵੀ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪ੍ਰੀਖਿਆ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ ਹੈ। ਗੁਰੂਕੁਲ ਅਕੈਡਮੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਉਭਾ (ਮਾਨਸਾ) ਦੀ ਵਿਦਿਆਰਥਣ ਸੁਪਨੀਤ ਕੌਰ ਨੇ 500/500 ਅੰਕ 100 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਪਹਿਲਾਂ ਸਥਾਨ ਹਾਸਲ ਕੀਤਾ ਹੈ। ਇਸਦੇ ਨਾਲ ਹੀ ਬੀ ਸੀ ਐਮ ਸੀਨੀਅਰ ਸੈਕੰਡਰੀ ਸਕੂਲ, ਜਮਾਲਪੁਰ (ਲੁਧਿਆਣਾ) ਦੀ ਸੁਹਾਨੀ ਚੌਹਾਨ ਨੇ ਦੂਜਾ ਅਤੇ ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਸ਼ਿਮਲਾ ਪੁਰੀ ਲੁਧਿਆਣਾ ਦੀ ਵਿਦਿਆਰਥਣ ਦਿਵਾਂਸੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਬਾਰ੍ਹਵੀਂ ਵਿੱਚ ਪਹਿਲੇ ਸਥਾਨ ਤੇ ਆਉਣ ਵਾਲੀਆਂ ਤਿੰਨੇ ਕੁੜੀਆਂ ਨੈਸ਼ਨਲ ਪੱਧਰ ਦੀਆਂ ਖਿਡਾਰਨਾਂ ਹਨ। ਉਨ੍ਹਾਂ ਨੇ 500/500 (ਨੰਬਰ 100 ਫੀਸਦੀ) ਅੰਕ ਹਾਸਲ ਕੀਤੇ ਹਨ।

# ਇੰਪੋਰਟ ਡਿਊਟੀ ਵਧਣ ਤੋਂ ਬਾਅਦ ਸੋਨਾ 8,550 ਰੁਪਏ ਅਤੇ ਚਾਂਦੀ 20,500 ਰੁਪਏ ਮਹਿੰਗੀ ਹੋਈ

## ਸੋਨਾ 1.65 ਲੱਖ ਰੁਪਏ ਪ੍ਰਤੀ 10 ਗ੍ਰਾਮ ਤੋਂ ਪਾਰ ਅਤੇ ਚਾਂਦੀ 2,97,500 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਈ

**ਨਵੀਂ ਦਿੱਲੀ:** ਸਰਕਾਰ ਵੱਲੋਂ ਕੀਮਤੀ ਧਾਤਾਂ 'ਤੇ ਇੰਪੋਰਟ ਡਿਊਟੀ (ਆਯਾਤ ਡਿਊਟੀ) ਵਧਾ ਕੇ 15 ਫੀਸਦੀ ਕਰਨ ਤੋਂ ਬਾਅਦ, ਬੁੱਧਵਾਰ ਨੂੰ ਇੱਥੋਂ ਦੇ ਸਥਾਨਕ ਬਾਜ਼ਾਰ ਵਿੱਚ ਸੋਨੇ ਦੀਆਂ ਕੀਮਤਾਂ 8,550 ਰੁਪਏ ਦੇ ਉਛਾਲ ਨਾਲ 1.65 ਲੱਖ ਰੁਪਏ ਪ੍ਰਤੀ 10 ਗ੍ਰਾਮ ਤੋਂ ਪਾਰ ਹੋ ਗਈਆਂ ਹਨ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ, ਦਿੱਲੀ ਦੇ ਬਾਜ਼ਾਰਾਂ ਵਿੱਚ ਚਾਂਦੀ ਦੀ ਕੀਮਤ 20,500 ਰੁਪਏ ਦੀ ਛਾਲ ਮਾਰ ਕੇ 2,97,500 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਈ ਹੈ, ਜੋ ਕਿ ਪਿਛਲੇ ਦਿਨ 2,77,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਸੀ। 99.9 ਫੀਸਦੀ ਸ਼ੁੱਧਤਾ ਵਾਲਾ ਸੋਨਾ 8,550 ਰੁਪਏ (5 ਫੀਸਦੀ ਤੋਂ ਵੱਧ) ਮਹਿੰਗਾ ਹੋ ਕੇ 1,65,350 ਰੁਪਏ ਪ੍ਰਤੀ 10 ਗ੍ਰਾਮ ਹੋ ਗਿਆ ਹੈ, ਜਦਕਿ ਪਿਛਲੀ ਵਾਰ ਇਹ 1,56,800 ਰੁਪਏ 'ਤੇ ਬੰਦ ਹੋਇਆ ਸੀ।

**ਡਿਊਟੀ ਵਿੱਚ ਵਾਧਾ:** ਪੱਛਮੀ ਏਸ਼ੀਆ ਸੰਕਟ ਦੇ ਕਾਰਨ ਵਧਦੇ ਆਯਾਤ ਬਿੱਲ ਨੂੰ ਘੱਟ ਕਰਨ ਅਤੇ ਗੈਰ-ਜ਼ਰੂਰੀ ਖਰੀਦਦਾਰੀ ਨੂੰ ਰੋਕਣ ਲਈ ਸਰਕਾਰ ਨੇ ਸੋਨੇ ਅਤੇ ਚਾਂਦੀ 'ਤੇ ਇੰਪੋਰਟ ਡਿਊਟੀ 6% ਤੋਂ ਵਧਾ ਕੇ 15% ਕਰ ਦਿੱਤੀ ਹੈ।



**ਹੋਰ ਧਾਤਾਂ:** ਪਲੈਟੀਨਮ 'ਤੇ ਵੀ ਡਿਊਟੀ 6.4% ਤੋਂ ਵਧਾ ਕੇ 15.4% ਕਰ ਦਿੱਤੀ ਗਈ ਹੈ। ਨਵੀਆਂ ਦਰਾਂ ਬੁੱਧਵਾਰ ਤੋਂ ਲਾਗੂ ਹੋ ਗਈਆਂ ਹਨ।

**ਰੁਪਏ ਦੀ ਸਥਿਤੀ:** ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਡਿੱਗ ਕੇ 95.80 ਦੇ ਹੇਠਲੇ ਪੱਧਰ 'ਤੇ ਆ ਗਈ ਹੈ, ਜਿਸ ਕਾਰਨ ਕੀਮਤੀ ਧਾਤਾਂ ਹੋਰ ਮਹਿੰਗੀਆਂ ਹੋ ਗਈਆਂ ਹਨ।

ਮਾਹਿਰਾਂ ਦੀ ਰਾਏ: ਜਿਓਜੀਤ ਇਨਵੈਸਟਮੈਂਟਸ ਦੇ ਹਰੀਸ਼ ਵੀ. ਨੇ ਕਿਹਾ ਕਿ ਹਾਲਾਂਕਿ ਕੀਮਤਾਂ ਵਧਣ ਨਾਲ ਮੰਗ ਵਿੱਚ ਅਸਥਾਈ ਕਮੀ ਆ ਸਕਦੀ ਹੈ, ਪਰ ਨਿਵੇਸ਼ਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਗਲੋਬਲ ਅਨਿਸ਼ਚਿਤਤਾ ਦੇ ਦੌਰ ਵਿੱਚ ਸੋਨਾ ਅਜੇ ਵੀ ਇੱਕ ਸੁਰੱਖਿਅਤ ਨਿਵੇਸ਼ ਹੈ। ਜਵੈਲਰੀ ਰਿਟੇਲਰਾਂ ਦਾ ਮੰਨਣਾ ਹੈ ਕਿ ਇੰਪੋਰਟ ਡਿਊਟੀ ਵਧਾਉਣ ਦੀ ਬਜਾਏ ਆਯਾਤ 'ਤੇ ਮਾਤਰਾਤਮਕ ਪਾਬੰਦੀਆਂ ਲਗਾਉਣਾ ਦੇਸ਼ ਦੇ ਚਾਲੂ ਖਾਤੇ ਦੇ ਘਾਟੇ ਨੂੰ ਰੋਕਣ ਲਈ ਵਧੇਰੇ ਪ੍ਰਭਾਵਸ਼ਾਲੀ ਹੁੰਦਾ।

# ਅਮੂਲ ਨੇ ਪੂਰੇ ਭਾਰਤ ਵਿਚ ਦੁੱਧ ਦੀਆਂ ਕੀਮਤਾਂ 'ਚ ਕੀਤਾ 2 ਰੁਪਏ ਪ੍ਰਤੀ ਲੀਟਰ ਦਾ ਵਾਧਾ

**ਨਵੀਂ ਦਿੱਲੀ:** ਮਹਿੰਗਾਈ ਦੀ ਮਾਰ ਹੇਠ ਆਏ ਆਮ ਖਪਤਕਾਰਾਂ ਨੂੰ ਇਕ ਹੋਰ ਵੱਡਾ ਝਟਕਾ ਲੱਗਾ ਹੈ। ਗੁਜਰਾਤ ਕੋਆਪਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ (ਜੀ.ਸੀ.ਐਮ.ਐਮ.ਐਫ਼.), ਜੋ 'ਅਮੂਲ' ਬ੍ਰਾਂਡ ਦੇ ਤਹਿਤ ਅਪਣੇ ਉਤਪਾਦ ਵੇਚਦੀ ਹੈ,



ਨੇ ਬੁਧਵਾਰ ਨੂੰ ਪੂਰੇ ਭਾਰਤ ਵਿਚ ਦੁੱਧ ਦੀਆਂ ਕੀਮਤਾਂ ਵਿਚ 2 ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਹ ਨਵੀਆਂ ਕੀਮਤਾਂ 14 ਮਈ, 2026 ਤੋਂ ਲਾਗੂ ਹੋਣਗੀਆਂ। ਜੀ.ਸੀ.ਐਮ.ਐਮ.ਐਫ਼. ਨੇ ਇਕ ਅਧਿਕਾਰਤ ਬਿਆਨ ਵਿਚ ਕਿਹਾ ਹੈ ਕਿ, ''ਕੀਮਤਾਂ ਵਿਚ ਵਾਧਾ ਦੁੱਧ ਦੇ ਸੰਚਾਲਨ ਅਤੇ ਉਤਪਾਦਨ ਦੀ ਕੁਲ ਲਾਗਤ ਵਿਚ ਵਾਧੇ ਕਾਰਨ ਕੀਤਾ ਜਾ ਰਿਹਾ ਹੈ। ਪਿਛਲੇ ਇਕ ਸਾਲ ਦੌਰਾਨ ਪਸ਼ੂਆਂ ਦੇ ਚਾਰੇ, ਦੁੱਧ ਦੀ ਪੈਕਿੰਗ ਅਤੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਹੈ।'' ਫੈਡਰੇਸ਼ਨ ਅਨੁਸਾਰ, ਇਹ ਵਾਧਾ ਪ੍ਰਤੀ ਲੀਟਰ ਲਗਭਗ 2.5 ਤੋਂ 3.5 ਫ਼ੀ ਸਦੀ ਬਣਦਾ ਹੈ, ਜੋ ਕਿ ਔਸਤ ਖ਼ੁਰਾਕੀ ਮਹਿੰਗਾਈ ਨਾਲੋਂ ਘੱਟ ਹੈ। ਦਿੱਲੀ-ਐਨ.ਸੀ.ਆਰ. ਅਤੇ ਉੱਤਰ ਪ੍ਰਦੇਸ਼ ਵਿਚ 500 ਮਿਲੀਲੀਟਰ ਦੇ ਪੈਕ ਲਈ ਨਵੀਆਂ ਕੀਮਤਾਂ ਅਮੂਲ ਤਾਜ਼ਾ ਲਈ 30 ਰੁਪਏ, ਅਮੂਲ ਗੋਲਡ ਲਈ 36 ਰੁਪਏ, ਗਊ ਦਾ ਦੁੱਧ 31 ਰੁਪਏ ਹੋਵੇਗੀ। ਜਦਕਿ ਮੱਝ ਦੇ ਦੁੱਧ ਦੀ ਕੀਮਤ 4 ਰੁਪਏ ਵਧ ਕੇ 80 ਰੁਪਏ ਪ੍ਰਤੀ ਲੀਟਰ ਹੋ ਗਈ ਹੈ।ਸਹਿਕਾਰੀ ਸਭਾ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਨੀਤੀ ਅਨੁਸਾਰ ਖਪਤਕਾਰਾਂ ਤੋਂ ਪ੍ਰਾਪਤ ਹਰ ਰੁਪਏ 'ਚੋਂ ਲਗਭਗ 80 ਪੈਸੇ ਦੁੱਧ ਉਤਪਾਦਕਾਂ ਨੂੰ ਦਿਤੇ ਜਾਂਦੇ ਹਨ। ਕੰਪਨੀ ਨੇ ਕਿਹਾ, ''ਕੀਮਤਾਂ ਵਿਚ ਇਸ ਸੋਧ ਨਾਲ ਦੁੱਧ ਉਤਪਾਦਕਾਂ ਨੂੰ ਲਾਭਕਾਰੀ ਕੀਮਤਾਂ ਬਰਕਰਾਰ ਰੱਖਣ ਅਤੇ ਉਨ੍ਹਾਂ ਨੂੰ ਵੱਧ ਦੁੱਧ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਿਚ ਮਦਦ ਮਿਲੇਗੀ।'' ਜ਼ਿਕਰਯੋਗ ਕਿ ਵਿੱਤੀ ਸਾਲ 2025-26 ਵਿਚ ਅਮੂਲ ਬ੍ਰਾਂਡ ਦਾ ਕੁਲ ਕਾਰੋਬਾਰ 11 ਫ਼ੀ ਸਦੀ ਵਧ ਕੇ 1 ਲੱਖ ਕਰੋੜ ਰੁਪਏ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਦੁੱਧ ਦੀਆਂ ਵਧੀਆਂ ਕੀਮਤਾਂ ਦਾ ਸਿੱਧਾ ਅਸਰ ਮੱਧ ਵਰਗੀ ਪਰਵਾਰਾਂ ਦੇ ਬਜਟ 'ਤੇ ਪਵੇਗਾ।

# ਤਾਮਿਲਨਾਡੂ ਦੀ ਵਿਜੇ ਸਰਕਾਰ ਨੇ ਭਰੋਸੇ ਦਾ ਵੋਟ ਜਿੱਤਿਆ, ਸਰਕਾਰ ਦੇ ਪੱਖ 'ਚ ਪਈਆਂ 144 ਵੋਟਾਂ

**ਚੇਨਈ :** ਸੀ. ਜੋਸਫ਼ ਵਿਜੇ ਦੀ ਅਗਵਾਈ ਵਾਲੀ ਚਾਰ ਦਿਨ ਪੁਰਾਣੀ ਤਾਮਿਲਨਾਡੂ ਵੇਤਰੀ ਕਜ਼ਾਗਮ (ਟੀਵੀਕੇ) ਸਰਕਾਰ ਨੇ ਬੁੱਧਵਾਰ ਨੂੰ ਤਾਮਿਲਨਾਡੂ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਜਿੱਤ ਲਿਆ ਹੈ। ਮੁੱਖ ਵਿਰੋਧੀ ਪਾਰਟੀ, ਦ੍ਰਾਵਿੜ ਮੁਨੇਤਰ ਕਜ਼ਾਗਮ (ਡੀਐਮਕੇ) ਦੇ ਵਾਕਆਊਟ ਅਤੇ ਆਲ ਇੰਡੀਆ ਅੰਨਾ ਦ੍ਰਾਵਿੜ ਮੁਨੇਤਰ ਕਜ਼ਾਗਮ (ਏਆਈਏਡੀਐਮਕੇ) ਦੇ ਅੰਦਰ ਫੁੱਟ ਦੇ ਵਿਚਕਾਰ, ਸਰਕਾਰ ਨੂੰ ਹੱਕ ਵਿੱਚ 144 ਅਤੇ ਵਿਰੋਧ ਵਿੱਚ 22 ਵੋਟਾਂ ਮਿਲੀਆਂ। 234 ਮੈਂਬਰੀ ਰਾਜ ਵਿਧਾਨ ਸਭਾ ਵਿੱਚ ਬਹੁਮਤ ਦੀ ਲੋੜ ਸੀ। ਸਦਨ ਵਿੱਚ ਵੋਟਾਂ ਦੀ ਵੰਡ ਦੌਰਾਨ, ਮੁੱਖ ਮੰਤਰੀ ਵਿਜੇ ਦੁਆਰਾ ਪੇਸ਼ ਕੀਤੇ ਗਏ ਵਿਸ਼ਵਾਸ ਪ੍ਰਸਤਾਵ ਦੇ ਹੱਕ ਵਿੱਚ 144 ਅਤੇ ਵਿਰੋਧ ਵਿੱਚ 22 ਵੋਟਾਂ ਮਿਲੀਆਂ। ਭਾਰਤੀ ਜਨਤਾ ਪਾਰਟੀ ਦੇ ਇਕਲੌਤੇ ਵਿਧਾਇਕ ਅਤੇ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਦੇ ਸਹਿਯੋਗੀ ਪੱਟਾਲੀ ਮੱਕਲ ਕਾਚੀ (ਚਾਰ ਵਿਧਾਇਕ) ਵੋਟਿੰਗ ਦੌਰਾਨ ਗੈਰਹਾਜ਼ਰ ਰਹੇ। ਇਸ ਜਿੱਤ ਨੇ ਟੀ.ਵੀ.ਕੇ. ਸਰਕਾਰ ਨੂੰ ਜੋ ਪਹਿਲੀ ਵਾਰ ਸੱਤਾ ਵਿੱਚ ਆਈ ਸੀ, ਬਹੁਮਤ ਦੀ ਘਾਟ ਕਾਰਨ ਆਪਣੀ ਸਥਿਰਤਾ ਬਾਰੇ ਸਵਾਲਾਂ ਦੇ ਵਿਚਕਾਰ ਸੁਚਾਰੂ ਢੰਗ ਨਾਲ ਕੰਮ ਕਰਨ ਲਈ ਲੋੜੀਂਦਾ ਵਿਸ਼ਵਾਸ ਦਿੱਤਾ



ਹੈ। ਹਾਲਾਂਕਿ, ਮੁੱਖ ਮੰਤਰੀ ਵਿਜੇ ਸਮੇਤ ਮੰਤਰੀਆਂ ਨੂੰ ਅਜੇ ਤੱਕ ਵਿਭਾਗ ਅਲਾਟ ਨਹੀਂ ਕੀਤੇ ਗਏ ਹਨ। ਨਿਯਮਾਂ ਅਨੁਸਾਰ ਅਗਲੇ ਛੇ ਮਹੀਨਿਆਂ ਲਈ ਵਿਧਾਨ ਸਭਾ ਵਿੱਚ ਇੱਕ ਹੋਰ ਫਲੋਰ ਟੈਸਟ ਨਹੀਂ ਹੋਵੇਗਾ। ਵਿਜੇ ਦੀ ਅਗਵਾਈ ਵਾਲੀ ਟੀ.ਵੀ.ਕੇ. ਸਰਕਾਰ ਨੇ ਇੰਡੀਅਨ ਨੈਸ਼ਨਲ ਕਾਂਗਰਸ, ਵਿਦੁਥਲਾਈ ਚਿਰੂਥੈਗਲ ਕਾਚੀ (ਵੀਸੀਕੇ), ਖੱਬੇ ਪੱਖੀ ਪਾਰਟੀਆਂ, ਅੰਮਾ ਮੱਕਲ ਮੁਨੇਤਰਾ ਕਜ਼ਾਗਮ (ਏ.ਐਮ.ਐਮ.ਕੇ.) ਅਤੇ ਐਸ.ਪੀ. ਵੇਲੂਮਣੀ ਅਤੇ ਸੀ.ਵੀ. ਸ਼ਨਮੁਗਮ ਦੀ ਅਗਵਾਈ ਵਾਲੇ ਏ.ਆਈ.ਏ.ਡੀ.ਐਮ.ਕੇ. ਦੇ ਬਾਗ਼ੀ ਧੜੇ ਦੇ ਸਮਰਥਨ ਨਾਲ ਵਿਸ਼ਵਾਸ ਵੋਟ ਜਿੱਤਿਆ। ਜਿਵੇਂ ਹੀ ਸਵੇਰੇ 9:30 ਵਜੇ ਸਦਨ ਦੀ ਕਾਰਵਾਈ ਸ਼ੁਰੂ ਹੋਈ, ਮੁੱਖ ਮੰਤਰੀ ਵਿਜੇ ਨੇ ਵਿਸ਼ਵਾਸ ਪ੍ਰਸਤਾਵ ਪੇਸ਼ ਕੀਤਾ, ਜਿਸ ਤੋਂ ਬਾਅਦ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਵਿਧਾਨ ਸਭਾ ਦੇ ਸਪੀਕਰ ਜੇ.ਸੀ.ਡੀ. ਪ੍ਰਭਾਕਰ ਨੇ ਐਲਾਨ ਕੀਤਾ ਕਿ ਮੁੱਖ ਮੰਤਰੀ ਵੱਲੋਂ ਸਦਨ ਦਾ ਵਿਸ਼ਵਾਸ ਪ੍ਰਸਤਾਵ ਵੋਟਾਂ ਦੀ ਵੰਡ ਤੋਂ ਬਾਅਦ ਪਾਸ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਹੱਕ ਵਿੱਚ ਕੁੱਲ 144 ਵੋਟਾਂ ਪਈਆਂ, ਜਦੋਂ ਕਿ 22 ਵਿਧਾਇਕਾਂ ਨੇ ਇਸਦਾ ਵਿਰੋਧ ਕੀਤਾ ਅਤੇ ਪੰਜ ਗੈਰਹਾਜ਼ਰ ਰਹੇ। ਸਦਨ ਵਿੱਚ 59 ਵਿਧਾਇਕਾਂ ਵਾਲੀ ਮੁੱਖ ਵਿਰੋਧੀ ਪਾਰਟੀ, ਦ੍ਰਾਵਿੜ ਮੁਨੇਤਰ ਕਜ਼ਾਗਮ (ਡੀਐਮਕੇ) ਦੇ ਮੈਂਬਰ, ਵਿਸ਼ਵਾਸ ਪ੍ਰਸਤਾਵ 'ਤੇ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸਦਨ ਤੋਂ ਵਾਕਆਊਟ ਕਰ ਗਏ। ਐਨਡੀਏ ਦੇ ਭਾਈਵਾਲ ਟੀ.ਟੀ.ਵੀ. ਦਿਨਾਕਰਨ ਦੀ ਅਗਵਾਈ ਹੇਠ ਅੰਮਲ ਮੱਕਲ ਮੁਨ-ੇਤਰ ਕਜ਼ਾਗਮ (ਏਐਮਐਮਕੇ) ਤੋਂ ਕੱਢੇ ਗਏ ਵਿਧਾਇਕ ਐਸ. ਕਾਮਰ-ਾਜ, ਸਰਕਾਰ ਦੇ ਹੱਕ ਵਿੱਚ ਵੋਟ ਪਾਉਣ ਵਾਲਿਆਂ ਵਿੱਚ ਸ਼ਾਮਲ ਸਨ। ਵਿਸ਼ਵਾਸ ਪ੍ਰਸਤਾਵ 'ਤੇ ਚਰਚਾ ਦਾ ਜਵਾਬ ਦਿੰਦੇ ਹੋਏ, ਮੁੱਖ ਮੰਤਰੀ ਵਿਜੇ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਹਮੇਸ਼ਾ ਧਰਮ ਨਿਰਪੱਖ ਰਹੇਗੀ ਅਤੇ ਪਿਛਲੀਆਂ ਸਰਕਾਰਾਂ ਦੁਆਰਾ ਸ਼ੁਰੂ ਕੀਤੀਆਂ ਗਈਆਂ ਲੋਕ ਭਲਾਈ ਯੋਜਨਾਵਾਂ ਨੂੰ ਜਾਰੀ ਰੱਖੇਗੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਗੋਦ ਭਰਾਈ ਦੀ ਰਸਮ ਵਿੱਚ ਜ਼ਹਿਰੀਲਾ ਖਾਣਾ ਖਾਣ ਕਾਰਨ ਕਈ ਵਿਅਕਤੀ ਬਿਮਾਰ

**ਬੁਲੰਦਸ਼ਹਿਰ।** ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਦੇ ਜਹਾਂਗੀਰਾਬਾਦ ਖੇਤਰ ਦੇ ਸਲਗਵਾਂ ਪਿੰਡ ਵਿੱਚ ਆਯੋਜਿਤ ਕੀਤੇ ਗਏ ਗੋਦ ਭਰਾਈ ਦੇ ਸਮਾਰੋਹ ਵਿਚ ਆਏ ਮਹਿਮਾਨਾਂ ਨੂੰ ਪਰੋਸੇ ਜਾ ਰਹੇ ਭੋਜਨ ਨੂੰ ਖਾਣ ਤੋਂ ਬਾਅਦ ਲੋਕਾਂ ਦੀ ਸਿਹਤ ਖ਼ਰਾਬ ਹੋਣੀ ਸ਼ੁਰੂ ਹੋ ਗਈ। ਦੂਸ਼ਿਤ ਭੋਜਨ ਕਾਰਨ ਬੱਚਿਆਂ ਅਤੇ ਔਰਤਾਂ ਸਮੇਤ 40 ਤੋਂ ਵੱਧ ਲੋਕਾਂ ਨੂੰ ਭੋਜਨ ਦੀ ਜ਼ਹਿਰ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣਾ ਪਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਅਨੂਪਸ਼ਹਿਰ ਦੀ ਡਿਪਟੀ ਜ਼ਿਲ੍ਹਾ ਮੈਜਿਸਟ੍ਰੇਟ ਪ੍ਰਿਯੰਕਾ ਗੋਇਲ ਨੇ ਕਿਹਾ ਕਿ ਬੀਤੀ ਰਾਤ ਸਲਗਵਾਂ ਪਿੰਡ ਵਿੱਚ ਇੱਕ ਬੇਬੀ ਸ਼ਾਵਰ ਸਮਾਰੋਹ ਵਿੱਚ ਦੂਸ਼ਿਤ ਮਟਰ-ਪਨੀਰ ਅਤੇ ਮਠਿਆਈਆਂ ਖਾਣ ਤੋਂ ਬਾਅਦ ਲੋਕ ਬੀਮਾਰ ਹੋਣ ਲੱਗ ਪਏ। ਉਨ੍ਹਾਂ ਕਿਹਾ ਕਿ ਸੂਚਨਾ ਮਿਲਣ ਤੇ ਪੁਲੀਸ ਮੌਕੇ ਤੇ ਪਹੁੰਚੀ ਅਤੇ 40 ਤੋਂ ਵੱਧ ਬਮਾਰ ਲੋਕਾਂ ਨੂੰ ਪਹਿਲਾਂ ਜਹਾਂਗੀਰਾਬਾਦ ਦੇ ਪ੍ਰਾਇਮਰੀ ਸਿਹਤ ਕੇਂਦਰ ਅਤੇ ਫਿਰ ਜ਼ਿਲ੍ਹਾ ਹਸਪਤਾਲ ਵਿੱਚ ਦਾਖਲ ਕਰਵਾਇਆ। ਗੋਇਲ ਨੇ ਕਿਹਾ ਕਿ ਹਸਪਤਾਲ ਵਿੱਚ ਭਰਤੀ ਸਾਰੇ ਲੋਕ



ਇਸ ਸਮੇਂ ਆਮ ਹਾਲਤ ਵਿੱਚ ਹਨ। ਉਨ੍ਹਾਂ ਅੱਗੇ ਕਿਹਾ ਕਿ ਸਮਾਗਮ ਵਿੱਚ ਪਰੋਸੇ ਗਏ ਖਾਣੇ ਦੇ ਨਮੂਨੇ ਜਾਂਚ ਲਈ ਭੇਜ ਦਿੱਤੇ ਗਏ ਹਨ। ਗੋਇਲ ਨੇ ਕਿਹਾ ਕਿ ਇਸ ਵੇਲੇ ਹਸਪਤਾਲ ਵਿੱਚ ਦਾਖਲ ਸਾਰੇ ਲੋਕ ਆਮ ਹਾਲਤ ਵਿੱਚ ਹਨ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਖੁਰਾਕ ਵਿਭਾਗ ਨੇ ਜਾਂਚ ਦੇ ਆਦੇਸ਼ ਦਿੱਤੇ ਹਨ। ਘਟਨਾ ਸਥਾਨ ਤੋਂ ਖਾਣੇ ਦੇ ਨਮੂਨੇ ਸੀਲ ਕਰਕੇ ਲੈਬ ਵਿੱਚ ਭੇਜ ਦਿੱਤੇ ਗਏ ਹਨ। ਅਧਿਕਾਰੀ ਜਾਂਚ ਕਰ ਰਹੇ ਹਨ ਕਿ ਕੀ ਪਨੀਰ ਜਾਂ ਮਠਿਆਈਆਂ ਵਿੱਚ ਮਿਲਾਵਟ ਸੀ ਜਾਂ ਕੀ ਖਾਣਾ ਗਰਮੀ ਕਾਰਨ ਖਰਾਬ ਹੋਇਆ। ਰਿਪੋਰਟ ਆਉਣ ਤੋਂ ਬਾਅਦ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਖੰਨਾ ਦੀ ਧੀ ਪੂਨਮ ਵਰਮਾ ਨੂੰ ਮਿਲਿਆ ਰਾਸ਼ਟਰੀ ਫਲੋਰੈਂਸ ਨਾਈਟਿੰਗੇਲ ਐਵਾਰਡ, ਸ਼ਹਿਰ ਦਾ ਵਧਾਇਆ ਮਾਣ



**ਖੰਨਾ (ਰਾਜ):** ਖੰਨਾ ਸ਼ਹਿਰ ਦੀ ਧੀ ਪੂਨਮ ਵਰਮਾ ਨੇ ਪੂਰੇ ਇਲਾਕੇ ਦਾ ਨਾਮ ਦੇਸ਼ ਭਰ ’ਚ ਰੌਸ਼ਨ ਕਰ ਦਿੱਤਾ ਹੈ। ਨਰਸਿੰਗ ਸੇਵਾ ਦੇ ਖੇਤਰ ’ਚ ਸ਼ਾਨਦਾਰ ਯੋਗਦਾਨ ਲਈ ਉਨ੍ਹਾਂ ਨੂੰ ਭਾਰਤ ਦੇ ਸੱਭ ਤੋਂ ਵੱਡੇ ਨਰਸਿੰਗ ਸਨਮਾਨ “ਨੈਸ਼ਨਲ ਫਲੋਰੈਂਸ ਨਾਈਟਿੰਗੇਲ ਐਵਾਰਡ 2026” ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ ਅੰਤਰਰਾਸ਼ਟਰੀ ਨਰਸ ਦਿਵਸ 12 ਮਈ ਮੌਕੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਪ੍ਰਦਾਨ ਕੀਤਾ ਗਿਆ। ਪੂਨਮ ਵਰਮਾ ਦੀ ਇਸ ਉਪਲਬਧੀ ਨਾਲ ਖੰਨਾ ਸ਼ਹਿਰ ’ਚ ਖੁਸ਼ੀ ਅਤੇ ਮਾਣ ਦਾ ਮਾਹੌਲ ਹੈ। ਪੂਨਮ ਵਰਮਾ ਦਾ ਜਨਮ ਅਤੇ ਪਾਲਣ-ਪੋਸ਼ਣ ਖੰਨਾ ਸ਼ਹਿਰ ’ਚ ਹੋਇਆ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਖੰਨਾ ਦੇ ਹਿੰਦੀ ਪੁਤਰੀ ਪਾਠਸ਼ਾਲਾ ਸਕੂਲ ਤੋਂ ਪ੍ਰਾਪਤ ਕੀਤੀ, ਜਿੱਥੋਂ ਉਨ੍ਹਾਂ ਨੇ ਦਸਵੀਂ ਕਲਾਸ ਪਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਖੰਨਾ ਤੋਂ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕੀਤੀ। ਬਚਪਨ ਤੋਂ ਹੀ ਪੜ੍ਹਾਈ ’ਚ ਹੋਣਹਾਰ ਅਤੇ ਸੇਵਾ ਭਾਵਨਾ ਰੱਖਣ ਵਾਲੀ ਪੂਨਮ ਨੇ ਨਰਸਿੰਗ ਖੇਤਰ ’ਚ ਕਰੀਅਰ ਬਣਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਰਾਜਿੰਦਰਾ ਹਸਪਤਾਲ ਪਟਿਆਲਾ ਤੋਂ ਜੀਐਨਐਮ ਦੀ ਪੜ੍ਹਾਈ ਪੂਰੀ ਕੀਤੀ ਅਤੇ ਸਾਲ 2001 ’ਚ ਜੀਐਮਸੀਐਚ-32 ਚੰਡੀਗੜ੍ਹ ’ਚ ਸਟਾਫ ਨਰਸ ਵਜੋਂ ਨੌਕਰੀ ਸ਼ੁਰੂ ਕੀਤੀ। ਆਪਣੀ ਡਿਊਟੀ ਦੌਰਾਨ ਉਨ੍ਹਾਂ ਨੇ ਇਮਾਨਦਾਰੀ, ਮਿਹਨਤ ਅਤੇ ਸਮਰਪਣ ਨਾਲ ਮਰੀਜ਼ਾਂ ਦੀ ਸੇਵਾ ਕੀਤੀ। ਨੌਕਰੀ ਦੇ ਨਾਲ-ਨਾਲ ਉਨ੍ਹਾਂ ਨੇ ਅਪਣੀ ਪੜ੍ਹਾਈ ਵੀ ਜਾਰੀ ਰੱਖੀ। ਉਨ੍ਹਾਂ ਨੇ ਸੀਐਮਸੀ ਲੁਧਿਆਣਾ ਤੋਂ ਬੀਐੱਸਸੀ ਨਰਸਿੰਗ ਅਤੇ ਪੀਜੀਆਈ ਚੰਡੀਗੜ੍ਹ ਤੋਂ ਐਮਐੱਸਸੀ ਨਰਸਿੰਗ ਦੀ ਡਿਗਰੀ ਹਾਸਲ ਕੀਤੀ। ਪੂਨਮ ਵਰਮਾ ਸਿਰਫ਼ ਇਕ ਨਰਸ ਵਜੋਂ ਹੀ ਨਹੀਂ, ਸਗੋਂ ਸਮਾਜ ਸੇਵਾ ਦੇ ਖੇਤਰ ’ਚ ਵੀ ਕਾਫੀ ਸਰਗਰਮ ਰਹੀ। ਉਨ੍ਹਾਂ ਨੇ ਮਹਿਲਾਵਾਂ ’ਚ ਬ੍ਰੈਸਟ ਕੈਂਸਰ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕਈ ਮੁਹਿੰਮਾਂ ਚਲਾਈਆਂ। ਇਸ ਤੋਂ ਇਲਾਵਾ ਉਹ ਨਰਸਿੰਗ ਸਟਾਫ ਲਈ ਕਰਵਾਏ ਜਾਂਦੇ ਵੱਖ-ਵੱਖ ਟ੍ਰੇਨਿੰਗ ਪ੍ਰੋਗਰਾਮਾਂ ਦੀ ਕੋਆਰਡੀਨੇਟਰ ਵੀ ਰਹੀ। ਵਰਤਮਾਨ ਸਮੇਂ ’ਚ ਉਹ ਕਾਲਜ ਆਫ ਨਰਸਿੰਗ, ਜੀਐਮਸੀਐਚ-32 ਚੰਡੀਗੜ੍ਹ ’ਚ ਟਿਊਟਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਉਨ੍ਹਾਂ ਦੀ ਇਸ ਉਪਲਬਧੀ ‘ਤੇ ਖੰਨਾ ਸ਼ਹਿਰ ਦੇ ਲੋਕਾਂ ’ਚ ਖਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਅਧਿਆਪਕਾਂ, ਸਮਾਜਸੇਵੀਆਂ ਅਤੇ ਸ਼ਹਿਰ ਵਾਸੀਆਂ ਨੇ ਇਸ ਨੂੰ ਖੰਨਾ ਲਈ ਮਾਣ ਵਾਲਾ ਪਲ ਦੱਸਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਪੂਨਮ ਵਰਮਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਿਹਨਤ ਅਤੇ ਲਗਨ ਨਾਲ ਛੋਟੇ ਸ਼ਹਿਰਾਂ ਦੀਆਂ ਧੀਆਂ ਵੀ ਰਾਸ਼ਟਰੀ ਪੱਧਰ ‘ਤੇ ਆਪਣੀ ਪਹਿਚਾਣ ਬਣਾ ਸਕਦੀਆਂ ਹਨ। ਪੂਨਮ ਵਰਮਾ ਦੇ ਪਤੀ ਐੱਸ. ਨਈਅਰ ਵੀ ਸਿਹਤ ਸੇਵਾਵਾਂ ਨਾਲ ਜੁੜੇ ਹੋਏ ਹਨ ਅਤੇ ਪੀਜੀਆਈ ਚੰਡੀਗੜ੍ਹ ’ਚ ਸੀਨੀਅਰ ਨਰਸਿੰਗ ਅਫਸਰ ਦੇ ਅਹੁਦੇ ‘ਤੇ ਤਾਇਨਾਤ ਹਨ। ਦੋਵੇਂ ਪਤੀ-ਪਤਨੀ ਸਿਹਤ ਸੇਵਾ ਦੇ ਖੇਤਰ ’ਚ ਪੂਰੇ ਸਮਰਪਣ ਨਾਲ ਕੰਮ ਕਰ ਰਹੇ ਹਨ। ਖੰਨਾ ਦੀ ਧੀ ਨੂੰ ਮਿਲੇ ਇਸ ਵੱਡੇ ਸਨਮਾਨ ਨੇ ਸ਼ਹਿਰ ਦੇ ਨੌਜਵਾਨਾਂ, ਖਾਸ ਕਰਕੇ ਲੜਕੀਆਂ ਨੂੰ ਨਵੀਂ ਪ੍ਰੇਰਣਾ ਦਿੱਤੀ ਹੈ। ਸ਼ਹਿਰ ਵਾਸੀਆਂ ਨੇ ਉਮੀਦ ਜਤਾਈ ਕਿ ਪੂਨਮ ਵਰਮਾ ਅੱਗੇ ਵੀ ਇਸੇ ਤਰ੍ਹਾਂ ਸਮਾਜ ਅਤੇ ਦੇਸ਼ ਦੀ ਸੇਵਾ ਕਰਦੀ ਰਹੇਗੀ।

## ਚੰਡੀਗੜ੍ਹ ਵਿਚ ਦਿਨ ਦਿਹਾੜੇ ਨੌਜਵਾਨ ਦਾ ਚਾਕੂ ਮਾਰ-ਮਾਰ ਕਤਲ

**ਚੰਡੀਗੜ੍ਹ।** ਚੰਡੀਗੜ੍ਹ ਦੇ ਪਿੰਡ ਦੜਵਾ ਇਲਾਕੇ ਵਿੱਚ ਮੰਗਲਵਾਰ ਸ਼ਾਮ ਨੂੰ ਇੱਕ ਨੌਜਵਾਨ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੂਰਜ ਕੁਮਾਰ (20) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਕੰਮ ਤੋਂ ਬਾਅਦ ਆਪਣੇ ਮੋਟਰਸਾਈਕਲ 'ਤੇ ਘਰ ਵਾਪਸ ਆ ਰਿਹਾ ਸੀ ਉਦੋਂ ਹੀ ਪੰਜ ਨੌਜਵਾਨਾਂ ਨੇ ਉਸ 'ਤੇ ਚਾਕੂਆਂ ਅਤੇ ਦਾਤਰਾਂ ਨਾਲ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਨੌਜਵਾਨ ਨੂੰ ਵਾਰ-ਵਾਰ ਚਾਕੂ ਮਾਰਿਆ। ਸੂਰਜ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਜ਼ਮੀਨ 'ਤੇ ਡਿੱਗ ਪਿਆ, ਅਤੇ ਹਮਲਾਵਰਾਂ ਨੇ ਉਸ ਨੂੰ ਕਈ ਵਾਰ ਚਾਕੂ ਮਾਰੇ। ਇਹ ਘਟਨਾ ਦਿਨ-ਦਿਹਾੜੇ ਵਾਪਰੀ।

# ਅਮਰੀਕਾ-ਇਜ਼ਰਾਈਲ ਹੋਰਮੁਜ਼ ਜਲਡਮਰੂ ਸੰਕਟ ਲਈ ਜ਼ਿੰਮੇਵਾਰ : ਇਰਾਨ

**ਨਵੀਂ ਦਿੱਲੀ :** ਪੱਛਮੀ ਏਸ਼ੀਆ ਟਕਰਾਅ ਕਾਰਨ ਵਿਸ਼ਵ ਸਪਲਾਈ ਚੇਨਾਂ ਬੁਰੀ ਤਰ੍ਹਾਂ ਵਿਘਨ ਪੈ ਰਹੀਆਂ ਹਨ, ਇੱਕ ਉੱਚ ਇਰਾਨੀ ਅਧਿਕਾਰੀ ਨੇ ਕਿਹਾ ਹੈ ਕਿ ਤਹਿਰਾਨ ਇਸ ਸੰਕਟ ਕਾਰਨ ਭਾਰਤ ਅਤੇ ਹੋਰ ਦੇਸ਼ਾਂ ਨੂੰ ਹੋ ਰਹੇ ਨੁਕਸਾਨ ਤੋਂ "ਖੁਸ਼ ਨਹੀਂ" ਹੈ, ਪਰ ਅਮਰੀਕਾ ਅਤੇ ਇਜ਼ਰਾਈਲ ਜ਼ਿੰਮੇਵਾਰ ਹਨ। ਇਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਕਾਈ ਨੇ ਕਿਹਾ ਕਿ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਮਰੀਕਾ ਅਤੇ ਇਜ਼ਰਾਈਲ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਲਈ "ਜਵਾਬਦੇਹ" ਠਹਿਰਾਉਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਨੇ ਜੋ ਸ਼ੁਰੂ ਕੀਤਾ ਸੀ ਉਹ ਅਜੇ ਵੀ ਜਾਰੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਸੰਘਰਸ਼ ਦਾ ਕੋਈ ਅੰਤ ਦੇਖਦੇ ਹਨ, ਭਾਰਤ ਵਰਗੇ ਦੇਸ਼ ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨਾਲ ਕਾਫ਼ੀ ਪ੍ਰਭਾਵਿਤ ਹੋ



ਰਹੇ ਹਨ, ਤਾਂ ਬਕਾਈ ਨੇ ਕਿਹਾ, "ਤੁਹਾਨੂੰ ਇਹ ਦੇਖਣਾ ਪਵੇਗਾ ਕਿ 28 ਫਰਵਰੀ ਨੂੰ ਕੀ ਹੋਇਆ ਸੀ।" ਇਸ ਤੋਂ ਪਹਿਲਾਂ, ਹੋਰਮੁਜ਼ ਜਲਡਮਰੂ ਹਰ ਦੇਸ਼ ਲਈ ਖੁੱਲ੍ਹਾ ਸੀ।

ਤਹਿਰਾਨੀ ਆਗੂ ਨੇ ਕਿਹਾ ਕਿ ਇਰਾਨ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਕੁਝ ਕਦਮ ਚੁੱਕਣੇ ਪਏ, ਅਤੇ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਰਾਨ ਨੇ ਜੋ ਕੀਤਾ ਉਹ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਜਾਇਜ਼ ਸੀ। ਸਾਨੂੰ ਅਮਰੀਕਾ ਅਤੇ ਇਜ਼ਰਾਈਲ ਵਰਗੇ ਹਮਲਾਵਰਾਂ ਦਾ ਸਾਹਮਣਾ ਕਰਨਾ ਪਿਆ ਜੋ ਇਰਾਨ 'ਤੇ ਹਮਲਾ ਕਰਨ ਲਈ ਦੂਜੇ ਖਾੜੀ ਦੇਸ਼ਾਂ ਦੇ ਖੇਤਰ ਦੀ ਦੁਰਵਰਤੋਂ ਕਰ ਰਹੇ ਸਨ। ਇਹ ਪੂਰੀ ਤਰ੍ਹਾਂ ਗੈਰ-ਕਾਨੂੰਨੀ ਸੀ; ਇਹ ਹਮਲਾਵਰਤਾ ਦਾ ਕੰਮ ਸੀ।" ਉਸਨੇ ਕਿਹਾ, "ਇਸ ਲਈ ਸਾਨੂੰ ਜਵਾਬ ਦੇਣਾ ਪਿਆ। ਸਾਨੂੰ ਇਨ੍ਹਾਂ ਹਮਲਾਵਰਾਂ ਨੂੰ ਫੌਜੀ ਹਮਲਿਆਂ ਲਈ ਇਸ ਜਲ ਮਾਰਗ ਦੀ ਦੁਰਵਰਤੋਂ ਕਰਨ ਤੋਂ ਰੋਕਣ ਲਈ ਕਦਮ ਚੁੱਕਣੇ ਪਏ। ਇਸ ਵਿੱਚ ਇਰਾਨ ਦੀ ਕੋਈ ਗਲਤੀ ਨਹੀਂ ਹੈ।" ਅਮਰੀਕਾ ਨੇ ਇਰਾਨ 'ਤੇ ਹਮਲੇ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਹੈ ਕਿ ਤਹਿਰਾਨ ਦਾ ਪ੍ਰਮਾਣੂ ਪ੍ਰੋਗਰਾਮ ਇੱਕ ਖ਼ਤਰਾ ਹੈ। ਬਕਾਈ ਨੇ ਕਿਹਾ, "ਅਸੀਂ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਜੋ ਹੋ ਰਿਹਾ ਹੈ ਉਸ ਤੋਂ ਖੁਸ਼ ਨਹੀਂ ਹਾਂ, ਪਰ ਇਹ ਸਥਿਤੀ ਅਮਰੀਕਾ ਅਤੇ ਇਜ਼ਰਾਈਲ ਕਾਰਨ ਪੈਦਾ ਹੋਈ ਹੈ। ਈਰਾਨ ਇਸ ਜਲ ਮਾਰਗ 'ਤੇ ਹੋਰ ਬਹੁਤ ਸਾਰੇ ਦੇਸ਼ਾਂ ਨਾਲੋਂ ਜ਼ਿਆਦਾ ਨਿਰਭਰ ਹੈ ਕਿਉਂਕਿ ਅਸੀਂ ਇੱਕ ਤੱਟਵਰਤੀ ਦੇਸ਼ ਹਾਂ।" ਅਸੀਂ ਇਸ ਜਲ ਮਾਰਗ ਵਿੱਚ ਸੁਰੱਖਿਆ ਅਤੇ ਸ਼ਾਂਤੀ ਚਾਹੁੰਦੇ ਹਾਂ।"

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸੂਬੇ ਵਿੱਚ ਕੌੜੀ ਵੇਲ ਵਾਂਗ ਵੱਧ ਰਹੀ ਮਹਿੰਗਾਈ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ : ਵਿਸ਼ਵਨਾਥ ਬੰਟੀ

**ਹੁਸ਼ਿਆਰਪੁਰ 13 ਮਈ ( ਤਰਸੇਮ ਦੀਵਾਨਾ )** – ਮਹਿੰਗਾਈ ਹੁਣ ਸਿਰਫ਼ ਇੱਕ ਆਰਥਿਕ ਸ਼ਬਦ ਨਹੀਂ ਰਹੀ, ਸਗੋਂ ਹਰ ਪਰਿਵਾਰ ਦੀ ਰੋਜ਼ਾਨਾ ਹਕੀਕਤ ਬਣ ਗਈ ਹੈ। ਦੇਸ਼ ਭਰ ਵਿੱਚ ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਕਾਰਨ ਭਾਰਤ ਦਾ ਮੱਧ ਵਰਗ ਵੱਧਦੇ ਆਰਥਿਕ ਦਬਾਅ ਦਾ ਸਾਹਮਣਾ ਕਰ ਰਿਹਾ ਹੈ ਇਹ ਸ਼ਬਦ ਕਾਂਗਰਸ ਪਾਰਟੀ ਦੇ ਉੱਘੇ ਲੀਡਰ ਅਤੇ ਗਊਸ਼ਾਲਾ ਦੇ ਪ੍ਰਧਾਨ ਵਿਸ਼ਵਨਾਥ ਬੰਟੀ ਨੇ ਸਾਡੇ ਪੱਤਰਕਾਰ ਨਾਲ ਇੱਕ ਸੰਖੇਪ ਜਿਹੀ ਮੁਲਾਕਾਤ ਦੌਰਾਨ ਕਹੇ । ਉਹਨਾਂ ਕਿਹਾ ਕਿ ਰਾਸ਼ਨ, ਪੈਟਰੋਲ ਡੀਜ਼ਲ, ਸਕੂਲ ਫੀਸ ਅਤੇ ਸਿਹਤ ਸੇਵਾਵਾਂ ਤੋਂ ਲੈ ਕੇ ਰੋਜ਼ਾਨਾ ਦੀਆਂ ਲੋੜਾਂ ਤੱਕ, ਜੀਵਨ ਬਤੀਤ ਕਰਨ ਦਾ ਖਰਚਾ ਲਗਾਤਾਰ ਵੱਧਦਾ ਜਾ ਰਿਹਾ ਹੈ, ਜਿਸ ਨਾਲ ਲੱਖਾਂ ਪਰਿਵਾਰਾਂ ਦਾ ਮਾਸਿਕ ਬੱਜਟ ਪ੍ਰਭਾਵਿਤ ਹੋ ਰਿਹਾ ਹੈ। ਮਹਿੰਗਾਈ ਇਸ ਸਮੱਸਿਆ ਦਾ ਸਭ ਤੋਂ ਵੱਡਾ ਕਾਰਨ ਬਣ ਕੇ ਉੱਭਰੀ ਹੈ।ਉਹਨਾਂ ਕਿਹਾ ਕਿ ਸਬਜ਼ੀਆਂ, ਖਾਣ ਵਾਲੇ ਤੇਲ, ਬਿਜਲੀ, ਟਰਾਂਸਪੋਰਟ ਅਤੇ ਸਿਹਤ ਸੇਵਾਵਾਂ ਦੀਆਂ ਕੀਮਤਾਂ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਲਗਾਤਾਰ ਵਾਧਾ ਦੇਖਣ ਨੂੰ ਮਿਲਿਆ ਹੈ।ਉਹਨਾਂ ਕਿ ਸੋਨੇ ਦੀਆਂ ਵੱਧਦੀਆਂ ਕੀਮਤਾਂ ਨੇ ਵੀ ਮੱਧ ਵਰਗ ਦੀਆਂ ਆਰਥਿਕ ਚਿੰਤਾਵਾਂ ਨੂੰ



ਹੋਰ ਵਧਾ ਦਿੱਤਾ ਹੈ। ਉਹਨਾਂ ਕਿਹਾ ਕਿ ਘਰ ਦਾ ਕਿਰਾਇਆ, ਕਿਸਤਾਂ, ਬੱਚਿਆਂ ਦੀ ਪੜ੍ਹਾਈ, ਬੀਮਾ ਪ੍ਰੀਮੀਅਮ ਅਤੇ ਡਾਕਟਰੀ ਖਰਚਿਆਂ ਨੂੰ ਇਕੱਠੇ ਸੰਭਾਲਣਾ ਕਈ ਪਰਿਵਾਰਾਂ ਲਈ ਚੁਣੌਤੀ ਬਣ ਗਿਆ ਹੈ। ਉਹਨਾਂ ਕਿਹਾ ਕਿ ਹਾਲਾਂਕਿ ਕਈ ਸਹੂਲਤਾਂ ਜੀਵਨ ਨੂੰ ਆਸਾਨ ਬਣਾਉਂਦੀਆਂ ਹਨ, ਪਰ ਇਸ ਨਾਲ ਬੱਚਤ ਘੱਟਦੀ ਜਾ ਰਹੀ ਹੈ ਅਤੇ ਆਰਥਿਕ ਦਬਾਅ ਵੱਧ ਰਿਹਾ ਹੈ। ਅਜਿਹੀ ਸਥਿਤੀ ਵਿੱਚ ਵਿੱਤੀ ਯੋਜਨਾ ਪਹਿਲਾਂ ਨਾਲੋਂ ਵਧੇਰੇ ਜ਼ਰੂਰੀ ਹੋ ਗਈ ਹੈ ਉਹਨਾਂ ਕਿਹਾ ਕਿ ਨਾਲ ਹੀ, ਮੱਧ ਵਰਗ ਲਈ ਸਸਤੀ ਸਿੱਖਿਆ, ਬਿਹਤਰ ਸਿਹਤ ਸੇਵਾਵਾਂ ਅਤੇ ਸਥਾਈ ਰੁਜ਼ਗਾਰ ਦੇ ਮੌਕੇ ਯਕੀਨੀ ਬਣਾਉਣਾ ਵੀ ਸਮੇਂ ਦੀ ਲੋੜ ਹੈ। ਉਹਨਾਂ ਕਿਹਾ ਕਿ ਭਾਰਤ ਅੱਜ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵੱਧਣ ਵਾਲੀਆਂ ਅਰਥ-ਵਿਵਸਥਾਵਾਂ ਵਿੱਚ ਸ਼ਾਮਲ ਹੈ, ਪਰ ਵੱਧਦੀ ਮਹਿੰਗਾਈ ਮੱਧ ਵਰਗ ਲਈ ਇੱਕ ਗੰਭੀਰ ਚੁਣੌਤੀ ਬਣੀ ਹੋਈ ਹੈ।

# ਦੇਰ ਆਏ ਦਰੁਸਤ ਆਏ ਵਾਲ਼ੀ ਕਹਾਵਤ ਹੋਈ ਸੱਚੀ ਅਠਾਰਾਂ ਸਾਲ ਬਾਅਦ ਹੋਇਆ ਫ਼ੈਸਲਾ

**ਹੁਸ਼ਿਆਰਪੁਰ 13 ਮਈ ( ਤਰਸੇਮ ਦੀਵਾਨਾ )** – ਜ਼ਿਲ੍ਹੇ ਦੇ ਪਿੰਡ ਅਰਨਿਆਲਾ ਸ਼ਾਹਪੁਰ ਦੇ ਬਹੁਤ ਚਰਚਿਤ ਕੇਸ ਦਾ ਇਤਿਹਾਸਕ ਫੈਸਲਾ ਅਠਾਰਾਂ ਸਾਲਾਂ ਬਾਅਦ ਮਾਨਯੋਗ ਡਿਪਟੀ ਕਮਿਸ਼ਨਰ ਕਮ ਕੁਲੈਕਟਰ ਹੁਸ਼ਿਆਰਪੁਰ ਆਸ਼ਿਕਾ ਜੈਨ ਆਈ ਏ ਐੱਸ ਦੀ ਅਦਾਲਤ ਵਿੱਚ ਸਰਵਣ ਕੁਮਾਰ ਦੇ ਹੱਕ ਵਿੱਚ ਹੋਇਆ ਜਿਸ ਦੀ ਪੈਰਵਾਈ ਵਰ੍ਹਿਆਂ ਤੋਂ ਵਕੀਲ ਰਘਵੀਰ ਸਿੰਘ ਟੇਰਕਿਆਨਾ ਵੱਲੋਂ ਕੀਤੀ ਗਈ । ਸਰਵਣ ਕੁਮਾਰ ਨੇ ਦੱਸਿਆ ਕਿ ਕਿ ਪਿੰਡ ਸ਼ਾਹਪੁਰ ਅਰਨਿਆਲਾ ਦੀ ਲੰਬੜਦਾਰੀ ਦਾ ਕੇਸ ਕਦੀ ਡੀ ਸੀ ਹੁਸ਼ਿਆਰਪੁਰ, ਕਦੇ ਕਮਿਸ਼ਨਰ ਜਲੰਧਰ ਡਵੀਜ਼ਨ ਤੇ ਕਦੀ ਫਾਈਨੈਂਸ਼ੀਅਲ ਕਮਿਸ਼ਨਰ ਪੰਜਾਬ ਚੰਡੀਗੜ੍ਹ ਦੀ ਅਦਾਲਤ ਵਿੱਚ ਚਲਾ ਜਾਂਦਾ ਰਿਹਾ ਜੋ ਰਿਮਾਂਡ ਹੋ ਕੇ ਵਾਪਸ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੀ ਅਦਾਲਤ ਵਿੱਚ ਆ ਜਾਂਦਾ ਰਿਹਾ । ਉਨਾ ਦੱਸਿਆ ਕਿ ਬਹੁਤ ਸਾਲ ਪਹਿਲਾਂ ਐੱਨ ਕੇ ਵਧਾਵਨ ਡੀ ਸੀ ਹੁਸ਼ਿਆਰਪੁਰ ਵੱਲੋਂ ਸਰਵਣ ਕੁਮਾਰ ਦੇ ਹੱਕ ਵਿੱਚ ਫੈਸਲਾ ਹੋਇਆ ਪਰ ਕਮਿਸ਼ਨ ਜਲੰਧਰ ਡਵੀਜ਼ਨ ਨੇ ਅਪੀਲ ਵਿੱਚ ਕੇਸ ਵਾਪਸ ਛਾਣਬੀਣ ਕਰਨ ਲਈ ਹੁਸ਼ਿਆਰਪੁਰ ਭੇਜ ਦਿੱਤਾ ਤੇ ਦੂਜੀ ਵਾਰ ਫਿਰ ਐੱਨ ਕੇ ਵਧਾਵਨ ਡੀ ਸੀ ਹੁਸ਼ਿਆਰਪੁਰ ਨੇ ਫੈਸਲਾ ਸਰਵਣ ਕੁਮਾਰ ਦੇ ਹੱਕ ਵਿੱਚ ਕਰ ਦਿੱਤਾ ਸੀ ਪਰ ਵਿਰੋਧੀ ਪਾਰਟੀ ਫਿਰ ਕਮਿਸ਼ਨਰ ਜਲੰਧਰ ਡਵੀਜ਼ਨ ਦੇ ਅਪੀਲ ਵਿੱਚ ਚਲੀ ਗਈ । ਕੇਸ ਫਿਰ ਵਾਪਸ ਹੁਸ਼ਿਆਰਪੁਰ ਆ ਗਿਆ । ਇਸ ਦੌਰਾਨ ਡੀ ਸੀ ਹੁਸ਼ਿਆਰਪੁਰ ਈਸ਼ਾ ਕਾਲੀਆ ਆਈ ਏ ਐੱਸ ਨੇ



ਦੋਵਾਂ ਪਾਰਟੀਆਂ ਦੀ ਉਮੀਦਵਾਰੀ ਹੀ ਰੱਦ ਕਰ ਦਿੱਤੀ ਜਿਸ ਕਰਕੇ ਦੋਵੇ ਪਾਰਟੀਆਂ ਨੇ ਕਮਿਸ਼ਨਰ ਜਲੰਧਰ ਡਵੀਜ਼ਨ ਦੇ ਅਪੀਲ ਕਰ ਦਿੱਤੀ । ਕੇਸ ਫਿਰ ਰਿਮਾਂਡ ਹੋ ਕੇ ਹੁਸ਼ਿਆਰਪੁਰ ਆ ਗਿਆ ਤਾਂ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਧਰਮਪਾਲ ਤਰਨਾਚ ਆਈ ਏ ਐੱਸ ਨੇ ਫੈਸਲਾ ਫਿਰ ਸਰਵਣ ਕੁਮਾਰ ਦੇ ਹੱਕ ਵਿੱਚ ਕਰ ਦਿੱਤਾ । ਵਿਰੋਧੀ ਧਿਰ ਕਮਿਸ਼ਨਰ ਜਲੰਧਰ ਡਵੀਜ਼ਨ ਚਲੇ ਗਈ ਜਿੱਥੇ ਜੋ ਫੈਸਲਾ ਹੋਇਆ ਉਸ ਫੈਸਲੇ ਖ਼ਿਲਾਫ਼ ਸਰਵਣ ਕੁਮਾਰ ਫਾਈਨੈਨਸ਼ੀਅਲ ਕਮਿਸ਼ਨਰ ਪੰਜਾਬ ਚੰਡੀਗੜ੍ਹ ਚਲਾ ਗਿਆ ਜਿੱਥੋਂ ਕੇਸ ਰਿਮਾਂਡ ਹੋ ਕੇ ਫਿਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਲ ਆ ਗਿਆ । ਡੀ ਸੀ ਬਦਲਦੇ ਰਹੇ ਤੇ ਫੈਸਲੇ ਵਿੱਚ ਦੇਰੀ ਹੁੰਦੀ ਰਹੀ ਪਰ ਅੱਜ ਅਠਾਰਾਂ ਸਾਲਾਂ ਬਾਅਦ ਮਾਨਯੋਗ ਡਿਪਟੀ ਕਮਿਸ਼ਨਰ ਕਮ ਕੁਲੈਕਟਰ ਆਸ਼ਕਾਂ ਜੈਨ ਆਈ ਏ ਐੱਸ ਦੀ ਅਦਾਲਤ ਵਿੱਚੋਂ ਫੈਸਲਾ ਸਰਵਣ ਕੁਮਾਰ ਦੇ ਹੱਕ ਵਿੱਚ ਹੀ ਹੋਇਆ ਹੈ ਜਿਸ ਵਾਰੇ ਅੱਜ ਇਹ ਮੁਕੱਦਮਾ ਚਰਚਾ ਵਿੱਚ ਰਿਹਾ ਤੇ ਉੜਕ ਸੱਚ ਰਹੀ ਵਾਲੀ ਕਹਾਵਤ ਸੱਚ ਸਾਬਤ ਹੋਈ । ਦੇਰ ਨਾਲ ਹੋਏ ਇਸ ਫੈਸਲੇ ਉੱਤੇ ਵੀ ਸਰਵਣ ਕੁਮਾਰ ਨੂੰ ਬਹੁਤ ਖੁਸ਼ੀ ਹੋਈ ਕਿ ਇੱਕ ਲੰਬੇ ਸੰਘਰਸ਼ ਤੇ ਸਬਰ ਸੰਤੋਖ ਬਾਅਦ ਮੁਕੱਦਮਾ ਉਸ ਦੇ ਹੱਕ ਵਿੱਚ ਹੋ ਗਿਆ ਹੈ ਤੇ ਉਸ ਨੂੰ ਸਹੀ ਇਨਸਾਫ਼ ਮਿਲਿਆ ਹੈ ।

# ਗੱਤਕਾ ਮੁਕਾਬਲਿਆਂ ਵਿੱਚ ਇਕਬਾਲ ਸਿੰਘ ਨੇ ਪਹਿਲਾ ਅਤੇ ਜਗਜੋਤ ਸਿੰਘ ਤੇ ਵੰਸ਼ਦੀਪ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਗੱਡਿਆ ਜਿੱਤ ਦਾ ਝੰਡਾ : ਭੁਪਿੰਦਰ ਸਿੰਘ ਪਿੰਕੀ

## ਗਤਕਾ ਖਿਡਾਰੀਆਂ ਦਾ ਕੀਤਾ ਵਿਸ਼ੇਸ਼ ਸਨਮਾਨ

**ਹੁਸ਼ਿਆਰਪੁਰ 13 ਮਈ ( ਤਰਸੇਮ ਦੀਵਾਨਾ )** – ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਸ਼ਹੀਦ ਗੱਤਕਾ ਸਪੋਰਟਸ ਕਲੱਬ ਹੁਸ਼ਿਆਰਪੁਰ ਨੇ ਵੱਡੇ ਗੱਤਕਿਆ ਦੇ ਮੁਕਾਬਲਿਆਂ ਵਿੱਚ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ ਝ ਗੱਤਕਾ ਐਸੋਸੀਏਸ਼ਨ ਜਿਲਾ ਹੁਸ਼ਿਆਰਪੁਰ ਦੇ ਪ੍ਰਧਾਨ ਵਿਜੈਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਤ ਬਾਬਾ ਹੀਰਾ ਸਿੰਘ ਖ਼ਾਲਸਾ ਅਲਵਾਲਿਸਾ ਵਾਲਿਆਂ ਦੇ ਅਸ਼ੀਰਵਾਦ ਸਦਕਾ ਐਸ ਐਸ ਮੈਡੀਸਿਟੀ ਮੁਕੇਰੀਆਂ ਡਾ ਹਰਜੀਤ ਸਿੰਘ ਐੱਮਡੀ ,ਐਸੋਸੀਏਸ਼ਨ ਜ਼ਿਲਾ ਹੁਸ਼ਿਆਰਪੁਰ ਦੇ ਸਰਪ੍ਰਸਤ ਭੁਪਿੰਦਰ ਸਿੰਘ ਰੋਪੜ ਵਿਖੇ ਹੋਏ ਰਾਜ ਪੱਧਰੀ ਗੱਤਕਾ ਮੁਕਾਬਲਿਆਂ ਵਿੱਚ 25 ਵਿਅਕਤੀਗਤ ਮੁਕਾਬਲਿਆਂ ਵਿੱਚ ਇਕਬਾਲ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ 17 ਫਰੀ ਛੋਟੀ ਟੀਮ ਵਿੱਚ ਜਗਜੋਤ ਸਿੰਘ ਕੁੱਲੀਆਂ ਲੁਬਾਣਾ , ਵੰਸ਼ਦੀਪ ਸਿੰਘ ਸੱਜਣਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਰਾਜਥਾਨ ਕੋਟਾ ਵਿੱਚ ਹੋਈ



ਆਲਇੰਡੀਆ ਇੰਟਰ ਯੂਨੀਵਰਸਿਟੀ ਦੇ ਮੁਲਾਬਲਿਆਂ ਵਿੱਚ ਜਸ਼ਨਦੀਪ ਸਿੰਘ ਨੇ ਗੋਲਡ ਮੈਡਲ ਹਾਸਿਲ ਕੀਤਾ । ਹੁਸ਼ਿਆਰਪੁਰ ਦੀ ਸ਼ਾਨ ਗਤਕਬਾਜ਼ ਬਲਰਾਜ ਸਿੰਘ ਕੁੱਲੀਆਂ ਲੁਬਾਣਾ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਗੱਤਕਾ ਖਿਡਾਰੀ ਦੀਪਕ ਸਿੰਘ ਅਤੇ ਮਨਪ੍ਰੀਤ ਸਿੰਘ ਕੁੱਲੀਆਂ ਦੀ ਵੀ ਹੋਸਲਾ ਅਫ਼ਜਾਈ ਕੀਤੀ ਗਈ । ਇਸ ਵਿਸ਼ੇਸ਼ ਮੌਕੇ ਤੇ ਗੁਰਮਤਿ ਪ੍ਰਚਾਰ ਸੇਵਾ ਸੁਸਾਈਟੀ ਮੁਕੇਰੀਆਂ ਦੇ ਸਮੂਹ ਮੈਂਬਰ ਸਾਹਿਬਾਨ ਹਾਜ਼ਰ ਸਨ ।ਸੁਸਾਈਟੀ ਦੇ ਪ੍ਰਧਾਨ ਭੁਪਿੰਦਰ ਸਿੰਘ ,ਮਨਜੀਤ ਸਿੰਘ ਚੀਮਾ , ਗੁਰਜਿੰਦਰ ਸਿੰਘ ਚੱਕ, ਰਘੁਵੀਰ ਸਿੰਘ ਮੁੰਦਰ, ਸਤਨਾਮ ਸਿੰਘ ਧਾਮੀਆਂ, ਗੁਰਮੀਤ ਸਿੰਘ ਮਿੰਟੂ, ਗੁਰਵਿੰਦਰ ਸਿੰਘ ਭੁੱਲਰ, ਅਮਰਜੀਤ ਸਿੰਘ ਵਾਲੀਆ, ਗੱਤਕਾ ਪ੍ਰਮੋਟਰ ਸਚਨਾਮ ਸਿੰਘ ਜੀ, ਗੁਰਪ੍ਰੀਤ ਸਿੰਘ ਰਾਜਪੁਰ ਨੈਸ਼ਨਲ ਗੱਤਕਾ ਰੈਫਰੀ, ਬਲਰਾਜ ਸਿੰਘ, ਜਥੇਦਾਰ ਗਿਆਨ ਸਿੰਘ ਕੁੱਲੀਆਂ, ਸੁਖਦੇਵ ਸਿੰਘ ਕੁੱਲੀਆਂ ਲੁਬਾਣਾ, ਗੁਰਚਰਨ ਸਿੰਘ ਲਾਡੀ ਅਕਾਲ ਅਕੈਡਮੀ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਨਗਰ ਕੌਂਸਲ ਨਵਾਂਸ਼ਹਿਰ ਦੇ ਕਰਮਚਾਰੀਆਂ ਵੱਲੋਂ ਅੱਠਵੇਂ ਦਿਨ ਵੀ ਮੁਕੰਮਲ ਹੜਤਾਲ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਉਤੇ ਅੱਜ ਨਗਰ ਕੌਂਸਲ ਨਵਾਂਸ਼ਹਿਰ ਦੇ ਕਰਮਚਾਰੀਆਂ ਨੇ ਅੱਠਵੇਂ ਦਿਨ ਵੀ ਮੁਕੰਮਲ ਹੜਤਾਲ਼ ਕੀਤੀ। ਇਸ ਮੌਕੇ ਦਿੱਤੇ ਗਏ ਧਰਨੇ ਨੂੰ ਸੰਬੋਧਨ ਕਰਦਿਆਂ ਮਿਉਂਸਪਲ ਕਰਮਚਾਰੀ ਸੰਗਠਨ ਦੇ ਜਿਲਾ ਪ੍ਰਧਾਨ ਸੰਨੀ ਬਘਾਨੀਆ, ਨਵਾਂਸ਼ਹਿਰ ਦੇ ਪ੍ਰਧਾਨ ਸੂਰਜ ਖੋਸਲਾ, ਚੇਅਰਮੈਨ ਦੀਪਕ ਖੋਸਲਾ, ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਨਿਊ ਆਟੋ ਯੂਨੀਅਨ ਦੇ ਨਿੱਕੂ,ਜਸਵੀਰ ਸਿੰਘ ਨੇ ਸੰਬੋਧਨ ਕੀਤਾ।
ਉਹਨਾਂ ਕਿਹਾ ਕਿ ਮਿਉ ਂਸਪਲ ਕਰਮਚਾਰੀਆਂ ਦੀ ਪੰਜਾਬ ਭਰ 'ਚ ਮੁਕੰਮਲ ਹੜਤਾਲ ਚੱਲ ਰਹੀ ਹੈ। ਪੰਜਾਬ ਭਰ ਚ ਸਫਾਈ ਕੰਮ ਦਾ ਮੁਕੰਮਲ ਬਾਈਕਾਟ ਹੈ। ਕੱਚੇ ਕਾਮੇ ਪੱਕੇ ਕਰਨ, ਘਟੋਂ ਘੱਟ ਉਜਰਤ 40 ਹਜਾਰ ਕਰਨ ਸਮੇਤ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਹੋਰ ਮੰਗਾਂ ਨੂੰ ਲੈਕੇ ਪੰਜਾਬ ਭਰ ਦੇ ਨਿਗਮਾ,ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਅਧੀਨ 150 ਤੋਂ ਵਧ ਸਟੇਸ਼ਨਾ ਤੇ ਸਫਾਈ ਸੇਵਕਾਂ ਨੇ ਮੁਕੰਮਲ ਹੜਤਾਲ ਕੀਤੀ ਹੋਈ ਹੈ ਜੋ ਮੰਗਾਂ ਦੀ ਪੂਰਤੀ ਤਕ ਜਾਰੀ ਰਹੇਗੀ। ਆਗੂਆਂ ਕਿਹਾ ਕਿ ਇਹ ਹੜਤਾਲ਼ ਸਾਡਾ ਕੋਈ ਸ਼ੌਂਕ ਨਹੀਂ ਮਜ਼ਬੂਰੀ ਹੈ। ਕਿਉਕਿ ਪੰਜਾਬ ਦਾ 90% ਮੁਲਾਜਮ ਕੱਚਾ ਹੈ ਤੇ ਮਾਤਰ 10 ਹਜਾਰ ਨਿਗੂਣੀ ਤਨਖਾਹ ਤੇ ਕੰਮ ਕਰ ਰਿਹਾ ਹੈ!ਮਹਿੰਗਾਈ ਕਰਕੇ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਹੈ। ਅੱਜ ਤੋਂ ਲਗਭਗ ਸਾਢੇ 4 ਸਾਲ ਪਹਿਲਾਂ ਸੱਤਾ ਵਿਚ ਆਉਣ ਵਾਲੀ ਮਾਨ ਸਰਕਾਰ ਇਹਨਾਂ ਹੀ ਸਫ਼ਾਈ ਸੇਵਕਾ ਦਾ ਝਾੜੂ ਵਾਲਾ ਨਿਸ਼ਾਨ ਲੈ ਕੇ ਵੋਟਾਂ ਮੰਗ ਕੇ ਸੱਤਾ ਵਿਚ ਆਈ ਸੀ।ਉਸ ਵੇਲੇ ਮੁੱਖ ਮੰਤਰੀ ਵੱਲੋਂ ਕਿਹਾ ਸੀ ਕੇ ਸਾਡੀ ਸਰਕਾਰ ਵਿਚ ਕਿਸੇ ਨੂੰ ਵੀ ਧਰਨੇ, ਪ੍ਰਦਰਸ਼ਨ ਕਰਨ ਦੀ ਲੋੜ ਨਹੀਂ ਪਵੇਗੀ ਪਰ ਹੋਇਆ। ਇਸ ਦੇ ਉਲਟ ਬਾਅਦ ਵਿੱਚ ਸ਼ਹਿਰ ਅੰਦਰ ਮੁਜ਼ਾਹਰਾ ਵੀ ਕੀਤਾ ਗਿਆ। ਇਸ ਮੌਕੇ ਰਾਜੇਸ਼ ਕੁਮਾਰ, ਸੁੰਨੀ, ਮਾਸਟਰ ਅਸ਼ਨਵੀ, ਸਾਥੀ ਚੰਦ, ਦੇਵੀ ਚੰਦ ਆਗੂ ਵੀ ਹਾਜਰ ਸਨ।

# ਨਵਾਂਸ਼ਹਿਰ ਵਿੱਚ ਭਾਜਪਾ ਨੂੰ ਮਿਲੀ ਵੱਡੀ ਮਜ਼ਬੂਤੀ; ਕਾਂਗਰਸ ਅਤੇ 'ਆਪ' ਦੇ ਕਈ ਦਿੱਗਜ ਆਗੂ ਭਾਜਪਾ ਵਿੱਚ ਸ਼ਾਮਿਲ



**ਨਵਾਂਸ਼ਹਿਰ 13 ਮਈ (ਜਤਿੰਦਰ ਪਾਲ ਸਿੰਘ ਕਲੇਰ ):** ਨਵਾਂਸ਼ਹਿਰ ਵਿੱਚ ਭਾਰਤੀ ਜਨਤਾ ਪਾਰਟੀ ਦੇ ਪਰਿਵਾਰ ਵਿੱਚ ਉਸ ਵੇਲੇ ਵੱਡਾ ਇਜ਼ਾਫਾ ਹੋਇਆ, ਜਦੋਂ ਇਲਾਕੇ ਦੇ ਕਈ ਨਾਮਵਰ ਅਤੇ ਸਨਮਾਨਿਤ ਚਿਹਰਿਆਂ ਨੇ ਦੂਜੀਆਂ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਭਾਜਪਾ ਦਾ ਪੱਲਾ ਫੜ ਲਿਆ। ਇਹ ਨਵੀਆਂ ਨਿਯੁਕਤੀਆਂ ਚੰਡੀਗੜ੍ਹ ਸਥਿਤ ਭਾਜਪਾ ਦੇ ਮੁੱਖ ਦਫ਼ਤਰ ਵਿਖੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਪੰਜਾਬ ਪ੍ਰਧਾਨ ਸੁਨੀਲ ਜਾਖੜ ਅਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਿੱਚ ਕੀਤੀਆਂ ਗਈਆਂ।
ਸ਼ਾਮਿਲ ਹੋਣ ਵਾਲੇ ਆਗੂਆਂ ਵਿੱਚ ਨਵਾਂਸ਼ਹਿਰ ਦੇ ਮੌਜੂਦਾ ਸੀਨੀਅਰ ਕੌਂਸਲਰ ਅਤੇ ਕਾਂਗਰਸ ਐੱਸ.ਸੀ. ਵਿਭਾਗ ਦੇ ਸਟੇਟ ਕੋਆਰਡੀਨੇਟਰ ਚੇਤ ਰਾਮ ਰਤਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹਨ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਡਾਕਟਰ ਤਜਿੰਦਰਪਾਲ ਸਿੰਘ, ਵਪਾਰੀ ਆਗੂ ਪਰਮਜੀਤ ਸਿੰਘ, ਸੰਗੀਤਕਾਰ ਆਗੂ ਜੱਸੀ ਮਹਾਲੋਂ ਅਤੇ ਬਿਜ਼ਨੈੱਸਮੈਨ ਆਗੂ ਕੁਲਵਿੰਦਰ ਸਿੰਘ ਨੇ ਵੀ 'ਆਪ' ਛੱਡ ਕੇ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਹੈ। ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ, ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੂਬਾ ਮੀਤ ਪ੍ਰਧਾਨ ਸੁਭਾਸ਼ ਸ਼ਰਮਾ, ਸੀਨੀਅਰ ਆਗੂ ਜਤਿੰਦਰ ਸਿੰਘ ਅਠਵਾਲ, ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਜ਼ਿਲ੍ਹਾ ਜਨਰਲ ਸਕੱਤਰ ਵਿਸ਼ਾਲ ਸ਼ਰਮਾ, ਡਾਕਟਰ ਅਸ਼ਵਨੀ ਧੀਰ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਕਰਨ ਦੀਵਾਨ ਸਮੇਤ ਕਈ ਹੋਰ ਆਗੂ ਹਾਜ਼ਰ ਸਨ। ਨਵਾਂਸ਼ਹਿਰ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਨਵੇਂ ਸ਼ਾਮਿਲ ਹੋਏ ਅਹੁਦੇਦਾਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਸਾਰੇ ਆਗੂ ਲੋਕ ਭਲਾਈ ਦੇ ਕਾਰਜਾਂ ਲਈ ਤਤਪਰ ਰਹਿਣਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਨਗੇ। ਉਨ੍ਹਾਂ ਸਾਰਿਆਂ ਦੇ ਸੁਖਾਵੇਂ ਅਤੇ ਉੱਜਵਲ ਸਿਆਸੀ ਭਵਿੱਖ ਦੀ ਕਾਮਨਾ ਵੀ ਕੀਤੀ।

# ਸੀ ਜੀ ਸੀ ਯੂਨੀਵਰਸਿਟੀ ਮੋਹਾਲੀ ਦੇ ਪ੍ਰਬੰਧਕਾਂ ਵਲੋਂ ਨੋਜਵਾਨਾਂ ਨੂੰ ਨਸ਼ਿਆਂ ਦੇ ਵੱਧ ਰਹੇ ਰੁਝਾਨ ਸਬੰਧੀ ਉੱਚ ਪੱਧਰੀ ਸੈਮੀਨਾਰ ਕਰਵਾਇਆ ਗਿਆ

## ਮਾਪੇ ਅਤੇ ਵਿੱਦਿਅਕ ਅਧਾਰੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਰੁਝਾਨ ਤੋਂ ਰੋਕ ਸਕਦੇ ਹਨ :ਬ੍ਰਿਗੇਡੀਅਰ ਰਾਜ ਕੁਮਾਰ

**ਮੋਹਾਲੀ 13 ਮਈ (ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀਂ ਸੀ ਜੀ ਸੀ ਯੂਨੀਵਰਸਿਟੀ ਮੋਹਾਲੀ ਵਿਖੇ ਨੋਜਵਾਨਾਂ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਇੱਕ ਉੱਚ ਪੱਧਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੂੰ ਵਿਸ਼ੇਸ਼ ਤੌਰ ਤੇ ਸੈਮੀਨਾਰ ਵਿੱਚ ਹਿੱਸਾ ਲੈਣ ਲਈ ਬੁਲਾਇਆ ਗਿਆ ਅਤੇ ਇਸ ਸੈਮੀਨਾਰ ਵਿੱਚ ਬੋਲਦਿਆਂ ਬ੍ਰਿਗੇਡੀਅਰ ਰਾਜ ਕੁਮਾਰ ਨੇ ਕਿ ਵਿਦਿਆਰਥੀਆਂ ਦੇ ਮਾਤਾ ਪਿਤਾ ਉਨ੍ਹਾਂ ਦੇ ਅਧਿਆਪਕਾਂ ਜਾ ਉਨ੍ਹਾਂ ਦੇ ਮਿੱਤਰਾਂ ਦੋਸਤਾਂ ਵਲੋਂ ਨੋਜਵਾਨਾਂ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਸਾਨੂੰ ਸਭ ਨੂੰ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਕੇ ਸਾਡੇ ਦੇਸ਼ ਭਵਿੱਖ ਨੋਜਵਾਨ ਪੀੜੀ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕੇ ਬ੍ਰਿਗੇਡੀਅਰ ਰਾਜ ਕੁਮਾਰ ਨੇ




ਕਿਹਾ ਕਿ ਨਸ਼ਿਆ ਦੇ ਰੁਝਾਨ ਨੂੰ ਰੋਕਣ ਲਈ ਜਿੱਥੇ ਆਮ ਆਦਮੀ ਪਾਰਟੀ ਵਲੋਂ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਉੱਥੇ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਉਦਯੋਗਿਕ ਸਿਖਲਾਈ ਸੈਟਰਾਂ, ਗ੍ਰਾਮ ਪੰਚਾਇਤਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਨੋਜਵਾਨ ਬੱਚਿਆਂ ਨੂੰ ਆਪਣੀ ਨਿਗਰਾਨੀ ਹੇਠ ਰੱਖਣਾ ਚਾਹੀਦਾ ਹੈ ਤਾ ਕਿ ਉਹੋ ਕਿਸੇ ਗੈਰ ਸਮਾਜੀ ਅਨਸਰਾਂ ਦੇ ਚੁੰਗਲ ਵਿੱਚ ਫਸ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣਾ ਜੀਵਨ ਬਰਬਾਦ ਨਾ ਕਰ ਲੈਣ ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀ ਆਪਣੇ ਬੱਚਿਆਂ ਨੂੰ ਹਰ ਤਰੀਕੇ ਨਾਲ ਨਸ਼ਿਆ ਤੋਂ ਦੂਰ ਰੱਖੀਏ ਉਨ੍ਹਾਂ ਕਿਹਾ ਕਿ ਸੈਮੀਨਾਰ ਕਰਵਾਏ ਜਾਣੇ ਤਾਈਂ ਸਾਰਥਕ ਹਨ ਜੇ ਇਹਨਾਂ ਸੈਮੀਨਾਰਾਂ ਵਿੱਚ ਕੀਤੀਆਂ ਜਾ ਰਹੀਆਂ ਵਿਚਾਰਾਂ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਵਲੋਂ ਬ੍ਰਿਗੇਡੀਅਰ ਰਾਜ ਕੁਮਾਰ ਕੁਮਾਰ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।

# ਬੀ. ਆਰ. ਸਾਂਪਲਾ ਦੇ ਦੇਹਾਂਤ ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ

## ਅੰਬੇਡਕਰ ਮਿਸ਼ਨ ਨੂੰ ਗਤੀ ਦੇਣ ਅਤੇ ਪ੍ਰਚਾਰ ਨੂੰ ਫੈਲਾਉਣ ਲਈ ਸਮਾਜ ਦੀ ਝੋਲੀ ਲਗਭਗ 100 ਪੁਸਤਕਾਂ ਪਾਈਆਂ

**ਕਪੂਰਥਲਾ, 13 ਮਈ (ਕੌੜਾ )–** ਬੀ ਆਰ. ਸਾਂਪਲਾ ਜੀ, ਫੂਲੇ ਕੁਝ ਸਮੇਂ ਤੋਂ ਇੰਗਲੈਂਡ ਦੇ ਇੱਕ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਸਦੀਵੀ ਵਿਛੋੜਾ ਗਿਆ।
ਅੰਬੇਡਕਰ ਦੀ ਵਿਚਾਰਧਾਰਾ ਦੇ ਸਮਰਥਕ, ਬਹੁਜਨ ਚਿੰਤਕ, ਦੱਬੇ-ਕੁਚਲੇ ਅਤੇ ਵੰਚਿਤ ਸਮਾਜ ਦੇ ਹਮਦਰਦ, ਇੱਕ ਮਹਾਨ ਵਿਦਵਾਨ ਅਤੇ ਮਿਸ਼ਨਰੀ ਲੇਖਕ, ਜਿਨ੍ਹਾਂ ਨੇ ਆਪਣੇ ਜੀਵਨ ਸੰਘਰਸ਼ ਦੌਰਾਨ ਫੂਲੇ ਅੰਬੇਡਕਰ ਮਿਸ਼ਨ ਨੂੰ ਗਤੀ ਦੇਣ ਅਤੇ ਇਸ ਦੇ ਪ੍ਰਚਾਰ ਨੂੰ ਫੈਲਾਉਣ ਲਈ ਸਮਾਜ ਨੂੰ ਲਗਭਗ 100 ਕਿਤਾਬਾਂ ਦਿੱਤੀਆਂ। ਇੰਨਾ ਹੀ ਨਹੀਂ, ਉਨ੍ਹਾਂ ਨੇ ਆਪਣੇ ਜੱਦੀ ਪਿੰਡ ਸੋਫੀ ਪਿੰਡ ਜਲੰਧਰ ਵਿੱਚ ਇੱਕ ਬੁੱਧ ਵਿਹਾਰ ਅਤੇ ਆਪਣੇ ਪਿਤਾ ਸ਼੍ਰੀ ਚਾਨਣ ਰਾਮ ਸਾਂਪਲਾ ਜੀ ਦੇ ਨਾਮ 'ਤੇ ਇੱਕ ਚੈਰੀਟੇਬਲ ਡਿਸਪੈਂਸਰੀ ਵੀ ਖੋਲ੍ਹੀ
। ਜਿਸ ਵਿੱਚ ਗ਼ਰੀਬਾਂ ਦਾ ਇਲਾਜ ਬਹੁਤ ਘੱਟ ਕੀਮਤ' ਤੇ ਕੀਤਾ ਜਾਂਦਾ ਹੈ।
ਉਨ੍ਹਾਂ ਦਾ ਪੂਰਾ ਜੀਵਨ ਮਹਾਨ ਮਨੁੱਖੀ ਭਗਵਾਨ ਬੁੱਧ ਅਤੇ ਫੂਲੇ ਅੰਬੇਡਕਰ ਮਿਸ਼ਨ ਦੀ ਵਿਚਾਰਧਾਰਾ ਨੂੰ ਫੈਲਾਉਣ ਵਿੱਚ



ਬਿਤਾਇਆ ਹੈ। ਉਨ੍ਹਾਂ ਦਾ ਜਾਣਾ ਉਨ੍ਹਾਂ ਦੇ ਪਰਿਵਾਰ ਅਤੇ ਸਾਡੇ ਸਮਾਜ ਲਈ ਇੱਕ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੈ।
ਉਹ ਸਮਾਜ ਪ੍ਰਤੀ ਇੰਨੇ ਸਮਰਪਿਤ ਸਨ ਕਿ ਉਨ੍ਹਾਂ ਨੇ ਇੰਗਲੈਂਡ ਦੀ ਧਰਤੀ ਤੋਂ 3 ਪ੍ਰੋਗਰਾਮਾਂ ਵਿੱਚ ਹਿੱਸਾ ਲਿਆ, ਖਾਸ ਕਰਕੇ ਬਾਬਾ ਸਾਹਿਬ ਅੰਬੇਡਕਰ ਦੀ ਜਨਮ ਵਰ੍ਹੇਗੰਢ ਅਤੇ ਪਰਿਨਿਰਵਣ ਦਿਵਸ 'ਤੇ ਆਰ. ਸੀ. ਐੱਫ. ਕਪੂਰਥਲਾ ਦੇ ਵਿਹੜੇ ਵਿੱਚ, ਮੁੱਖ ਸਪੀਕਰ ਅਤੇ ਵਿਸ਼ੇਸ਼ ਮਹਿਮਾਨ ਵਜੋਂ। ਆਲ ਇੰਡੀਆ ਐੱਸ ਸੀ ਐੱਸ ਟੀ ਰੇਲਵੇ ਇੰਪਲਾਈਜ਼ ਐਸੋਸੀਏਸ਼ਨ ਆਰ ਸੀ ਐੱਫ, ਆਲ ਇੰਡੀਆ ਓ ਬੀ ਸੀ ਰੇਲਵੇ ਇੰਪਲਾਈਜ਼ ਆਰਗੇਨਾਈਜ਼ੇਸ਼ਨ, ਡਾ. ਬੀ ਆਰ ਅੰਬੇਡਕਰ ਸੁਸਾਇਟੀ ਆਰ ਸੀ ਐੱਫ, ਬਾਮਸੇਫ, ਭਾਰਤੀ ਬੋਧ ਮਹਾ ਸਭਾ, ਸ੍ਰੀ ਗੁਰੂ ਰਵਿਦਾਸ ਸੇਵਕ ਸਭਾ, ਸ਼ਿਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਸੁਸਾਇਟੀ, ਸੰਗ੍ਰਹਿ ਭਾਰਤੀ ਸਮਾਜ ਨਿਰਮਾਣ ਸੰਘ (ਪੰਜਾਬ) ਐੱਸਬੀਸੀ ਅਧਿਆਪਕ ਯੂਨੀਅਨ ਪੰਜਾਬ ਅਤੇ ਟੀਮ ਵਿਜ਼ਨ ਨੇ ਮਨਯਾਵਰ ਸਾਂਪਲਾ ਦੇ ਅਕਾਲ ਚਲਾਣੇ 'ਤੇ ਸੋਗ ਪ੍ਰਗਟ ਕੀਤਾ।

# ਮੀਰੀ-ਪੀਰੀ ਕਾਲਜ ਦਾ ਕੇਸ ਹਾਈਕੋਰਟ ਵਿੱਚੋਂ ਜਿੱਤਣ ਲਈ ਜਥੇਦਾਰ ਦਾਦੂਵਾਲ ਨੇ ਇੱਕ ਜਰਨੈਲ ਦੀ ਭੂਮਿਕਾ ਨਿਭਾਈ : ਚੇਅਰਮੈਨ ਭੋਮਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਮੀਰੀ-ਪੀਰੀ ਕਾਲਜ ਅਤੇ ਹਸਪਤਾਲ ਦਾ ਕੇਸ ਜਿੱਤਣ ਤੇ ਹਰਿਆਣਾ ਦੀਆਂ ਸਿੱਖ ਸੰਗਤਾਂ ਅਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਵਧਾਈਆਂ ਦਿੱਤੀਆਂ । ਉਨਾਂ ਕਿਹਾ ਕਿ ਮਾਣਯੋਗ ਹਾਈਕੋਰਟ ਦੇ ਇਸ ਫੈਸਲੇ ਨਾਲ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਬਹੁਤ ਵੱਡੀ ਜਿੱਤ ਅਤੇ ਬਾਦਲਾਂ ਦੀ ਲੱਕ ਤੋੜਵੀਂ ਵੱਡੀ ਹਾਰ ਹੋਈ ਹੈ। ਜਥੇਦਾਰ ਦਾਦੂਵਾਲ ਵੱਲੋਂ ਇਸ ਮੁੱਦੇ ਨੂੰ ਲੋਕਾਂ ਵਿੱਚ ਲਿਜਾਣਾ ਤੇ ਵੱਡੇ ਵਕੀਲਾਂ ਦੀ ਅਣਥੱਕ ਮਿਹਨਤ ਅਤੇ ਯਤਨਾਂ ਸਦਕਾ ਅੱਜ ਮੀਰੀ-ਪੀਰੀ





ਹਸਪਤਾਲ ਤੇ ਪੂਰਨ ਤੌਰ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰ ਹੋ ਗਿਆ ਹੈ । ਪਹਿਲਾਂ ਵੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਕੇਸ ਮਾਣਯੋਗ ਸੁਪਰੀਮ ਕੋਰਟ ਵਿੱਚੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਪਣੇ ਵੱਡੇ ਵਕੀਲਾਂ ਰਾਹੀਂ ਤੇ ਸਰਕਾਰਾਂ ਤੇ ਆਪਣਾ ਅਸਰ ਰਸੂਖ ਵਰਤ ਕੇ ਜਿੱਤਿਆ ਤੇ ਹਰਿਆਣਾ ਦੇ ਸਿੱਖਾਂ ਨੂੰ ਉਹਨਾਂ ਦਾ ਬਣਦਾ ਹੱਕ ਦਿਵਾਇਆ ਸੀ ਅਤੇ ਬਾਦਲਾਂ ਦਾ ਹਰਿਆਣੇ ਵਿੱਚੋਂ ਬੋਰੀ ਬਿਸਤਰਾ ਗੋਲ ਕਰਵਾਇਆ ਸੀ । ਜਥੇਦਾਰ ਦਾਦੂਵਾਲ ਨੇ ਮੀਰੀ-ਪੀਰੀ ਹਸਪਤਾਲ ਤੇ ਬਾਦਲਾਂ ਦੇ ਨਿੱਜੀ ਟ੍ਰਸਟ ਦਾ ਅਧਿਕਾਰ ਖੋਹ ਕੇ ਹਰਿਆਣੇ ਦੇ ਸਿੱਖਾਂ ਦੀ ਝੋਲੀ ਪਾ ਦਿੱਤਾ ਹੈ । ਜਿਸ ਨਾਲ਼ ਹਰਿਆਣੇ ਦੇ ਸਿੱਖਾਂ ਵਿੱਚ ਥਾਂ-ਥਾਂ ਖੁਸ਼ੀ ਪਾਈ ਜਾ ਰਹੀ ਹੈ ਤੇ ਲੱਡੂ ਵੰਡੇ ਜਾ ਰਹੇ ਹਨ ।

# ਵਿਧਾਇਕ ਪੱਪੀ ਪਰਾਸ਼ਰ ਨੇ ਜਵਾਬ ਦਿੱਤਾ, "ਮੈਨੂੰ ਦੱਸੋ ਕਿ ਮੇਰੀਆਂ ਕਿਹੜੀਆਂ ਸ਼ਰਾਬ ਦੀਆਂ ਦੁਕਾਨਾਂ 'ਤੇ ਨਕਲੀ ਸ਼ਰਾਬ ਵੇਚੀ ਜਾਂਦੀ ਹੈ"

## ਪੱਪੀ, ਜੋ ਆਪਣੇ ਆਪ ਨੂੰ ਇਮਾਨਦਾਰ ਦੱਸਦਾ ਹੈ, ਨੇ ਕਿਹਾ, "ਸਮਝਾਓ ਕਿ ਕਬੂਤਰ ਘੋੜੇ ਕਿਵੇਂ ਬਣੇ ਅਤੇ ਜ਼ਮੀਨ ਦਾ ਇੱਕ ਪਲਾਟ ਫ਼ਾਰਮ ਹਾਊਸ ਕਿਵੇਂ ਬਣ ਗਿਆ"

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਭਾਜਪਾ ਦੇ ਖ਼ਜ਼ਾਨਚੀ ਗੁਰਦੇਵ ਸ਼ਰਮਾ ਨੇ ਵਿਧਾਇਕ ਪੱਪੀ ਪਰਾਸ਼ਰ ਦੇ ਨਕਲੀ ਸ਼ਰਾਬ ਵੇਚਣ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ, ਉਨ੍ਹਾਂ ਨੂੰ ਖੁੱਲ੍ਹ ਕੇ ਚੁਣੌਤੀ ਦਿੱਤੀ ਕਿ ਉਹ ਦੱਸਣ ਕਿ ਕਿਹੜੀਆਂ ਸ਼ਰਾਬ ਦੀਆਂ ਦੁਕਾਨਾਂ ਇਸਨੂੰ ਵੇਚਦੀਆਂ ਹਨ। "ਜੇਕਰ ਉਹ ਮੇਰੇ ਨਾਲ ਜਾ ਕੇ ਇਹ ਸਾਬਤ ਕਰ ਸਕਦੇ ਹਨ, ਤਾਂ ਮੈਂ ਨਿੱਜੀ ਤੌਰ 'ਤੇ ਜਾ ਕੇ ਇਸਨੂੰ ਜ਼ਬਤ ਕਰ ਲਵਾਂਗਾ।" ਪੱਪੀ ਨੂੰ ਚੁਣੌਤੀ ਦਿੰਦੇ ਹੋਏ ਕਿਹਾ, "ਸਰਕਾਰ ਉਸਦੀ ਹੈ। ਸ਼ਰਾਬ ਦੀ ਸਪਲਾਈ ਉਸਦੀ ਹੈ। ਇਸ ਲਈ, ਜੇਕਰ ਮੇਰੀਆਂ ਦੁਕਾਨਾਂ 'ਤੇ ਨਕਲੀ ਸ਼ਰਾਬ ਵੇਚੀ ਜਾਂਦੀ ਹੈ, ਤਾਂ ਉਸਦੀ ਸਰਕਾਰ ਇਸਦੀ ਜ਼ਿੰਮੇਵਾਰ ਹੈ।" ਜਦੋਂ ਵਿਧਾਇਕ ਨੇ ਆਪਣੇ ਆਪ ਨੂੰ ਇਮਾਨਦਾਰ ਐਲਾਨਿਆ, ਤਾਂ ਦੇਬੀ ਨੇ ਸਵਾਲ ਕੀਤਾ ਕਿ ਇੱਕ ਇਮਾਨਦਾਰ ਕਬੂਤਰ ਉਡਾਉਣ ਵਾਲਾ ਆਦਮੀ ਘੋੜਿਆਂ ਦਾ ਮਾਲਕ ਕਿਵੇਂ ਬਣ ਗਿਆ। ਚੰਦਨ ਨਗਰ ਵਿੱਚ ਜ਼ਮੀਨ ਦੇ ਇੱਕ ਪਲਾਟ ਦੇ ਮਾਲਕ ਨੇ ਫ਼ਾਰਮ ਹਾਊਸ ਕਿਵੇਂ




ਬਣਾਇਆ ? ਇੱਕ ਪ੍ਰੈਸ ਕਾਨਫਰੰਸ ਦੌਰਾਨ, ਵਿਧਾਇਕ, ਆਪਣੇ ਸਾਬਕਾ ਪੀਏ ਨਿਖਿਲ ਦੁਆਰਾ ਲਗਾਏ ਗਏ ਲੱਖਾਂ ਰੁਪਏ ਦੇ ਬੇਨਾਮ ਫੰਡਿੰਗ ਦੇ ਦੋਸ਼ਾਂ ਤੋਂ ਪਰੇਸ਼ਾਨ, ਮੇਰੇ (ਦੇਬੀ) 'ਤੇ ਈਡੀ ਅਤੇ ਸੀਬੀਆਈ ਨੂੰ ਬਹਾਨੇ ਵਜੋਂ ਵਰਤਣ ਦਾ ਦੋਸ਼ ਲਗਾ ਰਹੇ ਹਨ, ਭਾਵੇਂ ਮੇਰਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਵਿਧਾਨ ਸਭਾ ਸੈਂਟਰਲ ਵਿਖੇ 177 ਸਫਾਈ ਕਰਮਚਾਰੀਆਂ ਦੀ ਭਰਤੀ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ, "ਪੂਰੀ ਵਿਧਾਨ ਸਭਾ ਵਿੱਚ ਜ਼ਮੀਨੀ ਸਫ਼ਾਈ ਦੀ ਸਥਿਤੀ ਭਿਆਨਕ ਹੈ। ਕੀ ਵਿਧਾਇਕ ਪੱਪੀ ਜਨਤਾ ਨੂੰ ਦੱਸਣਗੇ ਕਿ ਇਹ ਕਰਮਚਾਰੀ ਕੌਣ ਹਨ, ਉਹ ਕਿਸ ਵਾਰਡ ਵਿੱਚ ਕੰਮ ਕਰਦੇ ਹਨ, ਅਤੇ ਉਨ੍ਹਾਂ ਦੀ ਹਾਜ਼ਰੀ ਕੌਣ ਲੈਂਦਾ ਹੈ ?" ਪੱਪੀ ਵੱਲੋਂ ਇੱਕ ਸ਼ਹੀਦ ਦੇ ਪਰਿਵਾਰ ਦਾ ਵਾਰਸ ਹੋਣ ਦਾ ਦਾਅਵਾ ਕਰਨ ਦਾ ਹਵਾਲਾ ਦਿੰਦੇ ਹੋਏ, ਭਾਜਪਾ ਨੇਤਾ ਨੇ ਕਿਹਾ ਕਿ ਪੱਪੀ ਪਰਾਸ਼ਰ ਨੇ ਅੱਤਵਾਦੀ ਹਮਲਿਆਂ ਦੌਰਾਨ ਸ਼ਹੀਦ ਹੋਏ ਸਤਪਾਲ ਪਰਾਸ਼ਰ ਦੀ ਪਤਨੀ ਅਤੇ ਕੌਂਸਲਰ ਚੋਣਾਂ ਵਿੱਚ ਕਾਂਗਰਸ ਉਮੀਦਵਾਰ ਨੂੰ ਹਰਾਇਆ ਸੀ ਅਤੇ ਅਗਲੀ ਵਾਰ, ਪੱਪੀ ਪਰਾਸ਼ਰ ਨੇ ਇੰਦੂ ਪਰਾਸ਼ਰ ਦੀ ਟਿਕਟ ਰੱਦ ਕਰਕੇ ਆਪਣੇ ਭਰਾ ਰਾਕੇਸ਼ ਪਰਾਸ਼ਰ ਨੂੰ ਚੁਣਿਆ ਸੀ। ਰਾਜੀਵ ਸ਼ਰਮਾ, ਅਮਿਤ ਮਿੱਤਲ, ਦੀਪਕ ਜੌਹਰ, ਹਿਮਾਂਸ਼ੂ ਕਾਲੜਾ, ਮੁਕੇਸ਼ ਗੌਤਮ, ਗੁਰਦੀਪ ਸਿੰਘ ਨੀਟੂ, ਵਿੱਕੀ ਸਹੋਤਾ, ਅਜੈਪਾਲ, ਰਵੀ ਬੱਤਰਾ, ਕਸ਼ਿਸ਼ ਰਤਨ, ਕਪਿਲ ਕਤਿਆਲ ਅਸ਼ਵਨੀ ਟੰਡਨ, ਪ੍ਰਦੀਪ ਪਤਲਾ ਮੌਜੂਦ ਸਨ ।

# ਨੈਸ਼ਨਲ ਚੈਂਪੀਅਨਸ਼ਿਪ ਖੇਡਾਂ ਵਿੱਚ ਵਿਮਲ ਕੁਮਾਰ ਨੇ ਤਿੰਨ ਸੋਨੇ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਐਚ.ਜੇ.606, ਹਾਊਸਿੰਗ ਬੋਰਡ ਕਲੋਨੀ, ਨੇੜੇ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਦੇ ਵਿਦਿਆਰਥੀ ਵਿਮਲ ਕੁਮਾਰ ਨੇ ਨਵੀਂ ਦਿੱਲੀ ਵਿਖੇ ਗੂੰਗੇ-ਬੋਲੇ ਬੱਚਿਆਂ ਦੀਆਂ ਹੋਈਆਂ ਨੈਸ਼ਨਲ ਚੈਂਪੀਅਨਸ਼ਿਪ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਉਸ ਨੇ ਬਾਊਲਿੰਗ ਖੇਡਾਂ ਵਿੱਚ ਯੂਨੀਫਾਈਡ ਟੀਮ (ਮਿਕਸਡ) 2, ਸੀਨੀਅਰ ਐਮ 7 ਅਤੇ ਡਬਲ ਐਮ 3 ਵਿੱਚ ਤਿੰਨ ਸੋਨੇ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ । ਪ੍ਰਿੰਸੀਪਲ ਸਤਵੰਤ ਕੌਰ ਨੇ ਵਿਮਲ ਕੁਮਾਰ ਦੀ ਪ੍ਰਾਪਤੀ



ਤੇ ਉਸ ਨੂੰ ਅਤੇ ਪਰਿਵਾਰ ਨੂੰ ਵਧਾਈ ਦਿੱਤੀ। ਸਕੂਲ ਦੇ ਮੈਨੇਜਰ ਕਰਨੈਲ ਸਿੰਘ, ਇੰਚਾਰਜ ਨਰਪਿੰਦਰ ਕੌਰ, ਹਰਸ਼ ਮੈਡਮ ਨੇ ਲੱਡੂ ਖੁਆ ਕੇ ਵਿਮਲ ਕੁਮਾਰ ਦਾ ਮੂੰਹ ਮਿੱਠਾ ਕਰਵਾਇਆ ਤੇ ਵਧਾਈ ਦਿੱਤੀ । ਮੈਨੇਜਰ ਕਰਨੈਲ ਸਿੰਘ ਨੇ ਸਟਾਫ਼ ਮੈਂਬਰਾਂ ਨੂੰ ਮਠਿਆਈ ਖੁਆ ਕੇ ਉਹਨਾਂ ਨੂੰ ਵਧਾਈ ਦਿੱਤੀ ।

# ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਬੀ.ਸੀ.ਐਮ. ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਘੋਸ਼ਿਤ ਬਾਰ੍ਹਵੀਂ ਕਲਾਸ ਦੇ ਪ੍ਰੀਖਿਆ ਨਤੀਜਿਆਂ ਵਿੱਚ ਬੀ.ਸੀ.ਐਮ. ਸੀਨੀਅਰ ਸੈਕੰਡਰੀ ਸਕੂਲ, ਫੋਕਲ ਪੁਆਇੰਟ ਲੁਧਿਆਣਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਸੁਹਾਨੀ ਚੌਹਾਨ ਨੇ ਹਿਊਮੈਨਟਿਜ਼ ਵਿਭਾਗ ਵਿੱਚ 500 ਵਿੱਚੋਂ 500 ਅੰਕ (100%) ਪ੍ਰਾਪਤ ਕਰਕੇ ਪੰਜਾਬ ਭਰ ਵਿੱਚ ਦੂਜਾ ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਸ਼ਾਨਦਾਰ ਉਪਲਬਧੀ ਨਾਲ ਸਕੂਲ,



ਪਰਿਵਾਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।

ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸਿੰਪਲ ਵਰਮਾ ਨੇ ਇਸ ਮਾਣਮੱਤੀ ਪ੍ਰਾਪਤੀ 'ਤੇ ਅਤਿਅੰਤ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਕਠਿਨ ਮਿਹਨਤ, ਅਧਿਆਪਕਾਂ ਦੇ ਸਮਰਪਿਤ ਮਾਰਗਦਰਸ਼ਨ ਅਤੇ ਮਾਪਿਆਂ ਦੇ ਨਿਰੰਤਰ ਸਹਿਯੋਗ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਸਕੂਲ ਹਮੇਸ਼ਾਂ ਗੁਣਵੱਤਾਪੂਰਨ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਰਹੇਗਾ।

ਸਕੂਲ ਪ੍ਰਬੰਧਕ ਕਮੇਟੀ ਅਤੇ ਸਮੂਹ ਸਟਾਫ਼ ਨੇ ਸਾਰੇ ਸਫ਼ਲ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਇੰਸਪੈਕਟਰ ਸਵਿੰਦਰ ਸਿੰਘ ਨੇ ਮੋਰਿੰਡਾ ਥਾਣਾ ਸਦਰ ਦੇ ਐੱਸ.ਐੱਚ.ਓ. ਵਜੋਂ ਸੰਭਾਲਿਆ ਅਹੁਦਾ

**ਮੋਰਿੰਡਾ, 13 ਮਈ (ਸੁਖਵਿੰਦਰ ਸਿੰਘ ਹੈਪੀ):** ਪੁਲਿਸ ਪ੍ਰਸ਼ਾਸਨ ਵੱਲੋਂ ਕੀਤੀ ਗਈ ਤਾਜ਼ਾ ਫੇਰਬਦਲ ਦੇ ਤਹਿਤ, ਇੰਸਪੈਕਟਰ ਸਵਿੰਦਰ ਸਿੰਘ ਨੇ ਅੱਜ ਮੋਰਿੰਡਾ ਦੇ ਥਾਣਾ ਸਦਰ ਵਿਖੇ ਨਵੇਂ ਮੁੱਖ ਅਫਸਰ ਐੱਸ.ਐੱਚ.ਓ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਇੰਸਪੈਕਟਰ ਰਣਜੀਤ ਸਿੰਘ ਦੀ ਥਾਂ ਲਈ ਹੈ, ਜਿਨ੍ਹਾਂ ਦਾ ਇੱਥੋਂ ਤਬਾਦਲਾ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਇੰਸਪੈਕਟਰ ਸਵਿੰਦਰ ਸਿੰਘ ਲਈ ਮੋਰਿੰਡਾ ਦਾ ਇਹ ਇਲਾਕਾ ਅਤੇ ਥਾਣਾ ਸਦਰ ਕੋਈ ਨਵਾਂ ਨਹੀਂ ਹੈ, ਕਿਉਂਕਿ ਉਹ ਇਸ ਤੋਂ ਪਹਿਲਾਂ ਵੀ ਇੱਥੇ ਬਤੌਰ ਐੱਸ ਐੱਚ ਓ ਆਪਣੀਆਂ ਸੇਵਾਵਾਂ ਸਫਲਤਾਪੂਰਵਕ ਨਿਭਾ ਚੁੱਕੇ ਹਨ। ਇਲਾਕੇ



ਦੀ ਭੂਗੋਲਿਕ ਸਥਿਤੀ ਅਤੇ ਸਥਾਨਕ ਲੋਕਾਂ ਦੀਆਂ ਮੁਸ਼ਕਿਲਾਂ ਤੋਂ ਭਲੀ-ਭਾਂਤ ਜਾਣੂ ਹੋਣ ਕਾਰਨ, ਉਨ੍ਹਾਂ ਦੀ ਇਸ ਨਿਯੁਕਤੀ ਨਾਲ ਪੁਲਿਸ ਪ੍ਰਸ਼ਾਸਨ ਵਿੱਚ ਹੋਰ ਮੁਸਤੈਦੀ ਆਉਣ ਦੀ ਉਮੀਦ ਜਤਾਈ ਜਾ ਰਹੀ ਹੈ। ਅਹੁਦਾ ਸੰਭਾਲਣ ਉਪਰੰਤ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਇੰਸਪੈਕਟਰ ਸਵਿੰਦਰ ਸਿੰਘ ਨੇ ਆਪਣੀਆਂ ਤਰਜੀਹਾਂ ਸਪੱਸ਼ਟ ਕੀਤੀਆਂ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ-ਚੈਨ ਦੀ ਸਥਿਤੀ ਨੂੰ ਬਰਕਰਾਰ ਰੱਖਣਾ ਅਤੇ ਅਪਰਾਧਿਕ ਅਨਸਰਾਂ 'ਤੇ ਨਕੇਲ ਕੱਸਣਾ ਉਨ੍ਹਾਂ ਦਾ ਮੁੱਖ ਉਦੇਸ਼ ਹੋਵੇਗਾ। ਉਨ੍ਹਾਂ ਨਸ਼ਾ ਤਸਕਰਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਮਾੜੇ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਥਾਣੇ ਆਉਣ ਵਾਲੇ ਹਰ ਨਾਗਰਿਕ ਨੂੰ ਬਿਨਾਂ ਕਿਸੇ ਪੱਖਪਾਤ ਦੇ ਇਨਸਾਫ ਦਿਵਾਇਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਮਾਜ ਵਿੱਚੋਂ ਬੁਰਾਈਆਂ ਖਤਮ ਕਰਨ ਲਈ ਪੁਲਿਸ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਥਾਣਾ ਸਦਰ ਦੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਉਨ੍ਹਾਂ ਦੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਵਧੀਕ ਡਿਪਟੀ ਕਮਿਸ਼ਨਰ ਨੇ ਸੜਕ ਸੁਰੱਖਿਆ ਕਮੇਟੀ ਦੀ ਕੀਤੀ ਮੀਟਿੰਗ

## ਆਵਾਜਾਈ ਪ੍ਰਤੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ : ਵਧੀਕ ਡਿਪਟੀ ਕਮਿਸ਼ਨਰ

**ਨਵਾਂਸ਼ਹਿਰ, 13 ਮਈ(ਜਤਿੰਦਰ ਪਾਲ ਸਿੰਘ ਕਲੇਰ )** ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਜ਼ਿਲ੍ਹੇ ਵਿੱਚ ਸੜਕ ਹਾਦਸਿਆਂ ਨੂੰ ਘਟਾਉਣ ਲਈ ਕੀਤੇ ਜਾ ਰਹੇ ਉਪਾਵਾਂ ਦਾ ਜਾਇਜ਼ਾ ਲਿਆ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੜਕ ਸੁਰੱਖਿਆ ਸਿਰਫ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਕੂਲਾਂ, ਕਾਲਜਾਂ, ਬਾਜ਼ਾਰਾਂ ਅਤੇ ਪਿੰਡਾਂ ਵਿੱਚ ਟ੍ਰੈਫਿਕ ਨਿਯਮਾਂ ਸਬੰਧੀ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾਣ ਤਾਂ ਜੋ ਲੋਕਾਂ, ਖਾਸ ਕਰਕੇ ਨੌਜਵਾਨਾਂ ਅਤੇ ਦੋਪਹੀਆ ਵਾਹਨ ਚਾਲਕਾਂ ਨੂੰ ਹੈਲਮਟ, ਸੀਟ ਬੈਲਟ ਅਤੇ



ਨਸ਼ੇ ਵਿੱਚ ਗੱਡੀ ਨਾ ਚਲਾਉਣ ਦੇ ਮਹੱਤਵ ਬਾਰੇ ਦੱਸਿਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਸੜਕਾਂ 'ਤੇ ਬਲੈਕ ਸਪਾਟਸ ਦੀ ਪਛਾਣ ਕਰਕੇ ਉਨ੍ਹਾਂ 'ਤੇ ਤੁਰੰਤ ਸੁਧਾਰਾਤਮਕ ਕਾਰਵਾਈ ਕਰਨ, ਸਪੀਡ ਬ੍ਰੇਕਰ, ਸਾਈਨ ਬੋਰਡ ਅਤੇ ਸਟ੍ਰੀਟ ਲਾਈਟਾਂ ਲਗਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਪੁਲਿਸ ਵਿਭਾਗ ਨੂੰ ਓਵਰ ਸਪੀਡਿੰਗ, ਓਵਰਲੋਡਿੰਗ ਅਤੇ ਨਾਬਾਲਗਾਂ ਵੱਲੋਂ ਵਾਹਨ ਚਲਾਉਣ 'ਤੇ ਸਖ਼ਤੀ ਨਾਲ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਹਫ਼ਤੇ ਅਤੇ ਹੋਰ ਮੁਹਿੰਮਾਂ ਦੌਰਾਨ ਸਿਵਲ ਸੁਸਾਇਟੀ, ਐਨ.ਜੀ.ਓਜ਼ ਅਤੇ ਸਵੈ-ਸੇਵੀ ਸੰਸਥਾਵਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ ਤਾਂ ਜੋ ਜਾਗਰੂਕਤਾ ਦਾ ਦਾਇਰਾ ਵਧਾਇਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਨੂੰ ਹਾਦਸੇ ਵਾਲੀਆਂ ਥਾਵਾਂ 'ਤੇ ਐਮਰਜੈਂਸੀ ਸੇਵਾਵਾਂ ਮਜ਼ਬੂਤ ਕਰਨ ਅਤੇ ਜ਼ਖਮੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਮੁਹੱਈਆ ਕਰਵਾਉਣ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਹਾਇਕ ਕਮਿਸ਼ਨਰ ਰਮਨਜੀਤ, ਆਰ.ਟੀ.ਓ. ਇੰਦਰ ਪਾਲ ਅਤੇ ਵੱਖ-ਵੱਖ ਦੇ ਅਧਿਕਾਰੀ ਹਾਜ਼ਰ ਸਨ।

# ਪੰਡਿਤ ਵਰਿਆਮ ਸਿੰਘ ਖ਼ਾਲਸਾ ਮਾਡਲ ਸਕੂਲ ਜੱਬੋਵਾਲ ਦੇ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

**ਨਵਾਂਸ਼ਹਿਰ 13 ਮਈ (ਜਤਿੰਦਰ ਪਾਲ ਸਿੰਘ ਕਲੇਰ )** ਰਵਾਇਤ ਨੂੰ ਕਾਇਮ ਰੱਖਣ ਵਾਲਾ ਸਕੂਲ ਅੱਜ ਗੱਲ ਕਰਦੇ ਹਾਂ ਪੰਡਿਤ ਵਰਿਆਮ ਸਿੰਘ ਖ਼ਾਲਸਾ ਮਾਡਲ ਸਕੂਲ ਜੱਬੋਵਾਲ (ਸ਼ਹੀਦ ਭਗਤ ਸਿੰਘ ਨਗਰ) ਦੀ, ਹਰ ਸਾਲ ਦੀ ਤਰਾ ਅੱਠਵੀਂ' ਤੇ ਦਸਵੀਂ ਪੰ: ਸ: ਸਿ: ਬੋਰਡ ਮੋਹਾਲੀ ਦੀ ਸਾਲਾਨਾਂ ਪ੍ਰੀਖਿਆ ਵਿਚ ਬੱਚਿਆਂ ਦੇ ਬਿਨਾ ਨਕਲ ਪਾਸ ਪ੍ਰਤੀਸ਼ਤ ਵਰਣਨਯੋਗ ਹੁੰਦੀ ਹੈ। ਭਾਵੇ ਨਕਲ ਦੀ ਬਿਮਾਰੀ ਨੇ ਪੂਰੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਗ੍ਰਹਿਣ ਲਗਾਇਆ ਹੋਇਆ ਹੈ ਪਰ ਫਿਰ ਵੀ ਕਿਧਰੇ ਨਾ ਕਿਧਰੇ ਕੋਈ ਅਜਿਹਾ ਸਕੂਲ ਵੀ ਨਜ਼ਰ ਆ ਜਾਂਦਾ ਹੈ ਜਿੱਥੇ ਨਕਲ ਰਹਿਤ ਪ੍ਰੀਖਿਆਵਾਂ ਹੁੰਦੀਆਂ ਹਨ ।ਸਕੂਲ ਵਿਚ ਆਮ ਘਰੇਲੂ ਪ੍ਰੀਖਿਆਵਾਂ ਨਕਲ ਰਹਿਤ ਹੋਣ ਕਾਰਨ ਬੱਚਿਆਂ ਵਿਚ ਇਹ ਬਿਮਾਰੀ ਪੈਦਾ ਹੀ ਨਹੀ ਹੋਣ ਦਿੱਤੀ ਜਾਂਦੀ। ਬੱਚਿਆਂ ਦੀ ਪਾਸ ਪ੍ਰਤੀਸ਼ਤ 80 ਤੋਂ




95 ਦੇ ਵਿਰਕਾਰ ਹੁੰਦੀ ਹੈ। ਜਿਸ ਦਾ ਸਿੱਟਾ ਬੱਚਾ ਦਸਵੀਂ ਪਾਸ ਕਰਨ ਤੋ ਬਾਅਦ ਮਨਮਰਜ਼ੀ ਦੇ ਖੇਤਰ ਨੂੰ ਚੁਣ ਸਕਦਾ ਹੈ। ਇਸ ਵਾਰ ਵੀ ਦਸਵੀਂ ਦੀ ਸਲਾਨਾਂ ਬੋਰਡ ਪ੍ਰੀਖਿਆ ਵਿਚ ਵੀ ਦਸਵੀਂ ਦੇ ਕੁੱਲ ਬੱਚਿਆਂ ਦੀ ਪਾਸ ਪ੍ਰਤੀਸ਼ਤ 80% ਤੋਂ 91% ਵਿਚਕਾਰ ਹੀ ਹੈ। ਇਸ ਪ੍ਰਕਾਰ ਜਸਕੀਰਤ ਕੌਰ 91%, ਜਸਮੀਤ ਕੌਰ 90%, ਸਿਮਰਨਜੀਤ ਕੌਰ 83%, ਦੀਪਕਾ ਸ਼ਰਮਾ 83% ਅੰਕ ਪ੍ਰਪਤ ਕੀਤੇ। ਡਾਇਰੈਕਟਰ ਕੁਲਦੀਪ ਸਿੰਘ, ਪ੍ਰਿੰਸੀਪਲ ਪ੍ਰੀਤ ਮਹਿੰਦਰ ਸਿੰਘ ਤੇ ਪੂਰੇ ਸਟਾਫ ਨੇ ਬੱਚਿਆਂ ਨੂੰ ਸਕੂਲ ਬੁਲਾ ਕੇ ਸਨਮਾਨਿਤ ਕੀਤਾ ਅਤੇ ਹੋਰ ਮਿਹਨਤ ਕਰਕੇ ਜੀਵਨ ਸਫ਼ਲ ਬਣਾਉਣ ਲਈ ਅਸੀਸਾਂ ਦਿੱਤੀਆਂ। ਪੂਰੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਸੀ ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦਾ ਪ੍ਰਧਾਨ ਗੁਰਮੇਲ ਸਿੰਘ ਜੀਆ ਬੱਗਾ ਨੂੰ ਸਰਬ ਸੰਮਤੀ ਨਾਲ ਬਣਾਇਆ ਗਿਆ

**ਲੁਧਿਆਣਾ 13 ਮਈ (ਕਰਨੈਲ ਸਿੰਘ ਐੱਮ.ਏ.)** ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਜੋਨ ਫ਼ਿਰੋਜ਼ਪੁਰ ਦੀ ਚੋਣ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਇੰਦਰਜੀਤ ਸਿੰਘ ਬਾਠ, ਨਰਿੰਦਰ ਪਾਲ ਸਿੰਘ ਜਤਾਲਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਗੁਰਮੇਲ ਸਿੰਘ ਜੀਆ ਬੱਗਾ ਨੂੰ ਜੋਨ ਪ੍ਰਧਾਨ, ਅਵਤਾਰ ਸਿੰਘ ਸਕੱਤਰ, ਮੀਤ ਪ੍ਰਧਾਨ ਹਰਪਾਲ ਸਿੰਘ, ਖ਼ਜ਼ਾਨਚੀ ਗੁਰਵਿੰਦਰ ਸਿੰਘ ਝੋਕ ਹਰੀ ਹਰ, ਲਵਪ੍ਰੀਤ ਸਿੰਘ ਸੂਬਾ ਪ੍ਰੈਸ ਸਕੱਤਰ, ਬੋਹੜ ਸਿੰਘ ਝੋਕ ਹਰੀ ਹਰ । ਇਸ ਮੌਕੇ ਜੋਨ ਦੇ ਸਾਰੇ ਪਿੰਡਾਂ ਦੇ ਅਹੁਦੇਦਾਰ,, ਪਰਸ਼ੋਤਮ ਲਾਲ ਗੁਰੂ ਹਰਸਹਾਏ ਹਾਜ਼ਰ ਸਨ ।



# ਰਾਵੀ ਭੂੰਬਲਾ ਨੇ ਬਾਰਵੀਂ ਜਮਾਤ 'ਚ 97 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ

**ਨਵਾਂਸ਼ਹਿਰ /ਕਾਠਗੜ੍ਹ 14 ਮਈ ( ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨ ਸੀ. ਬੀ. ਐੱਸ. ਈ. ਬੋਰਡ ਵਲੋਂ ਬਾਰ੍ਹਵੀਂ ਜਮਾਤ ਦੇ ਐਲਾਨੇ ਨਤੀਜੇ ਵਿੱਚ ਪਿੰਡ ਕੁੱਕੜਸੂਹਾ ਦੇ ਚੌਧਰੀ ਗਿਆਨ ਚੰਦ ਭੂੰਬਲਾ ਦੀ ਪੋਤਰੀ ਰਾਵੀ ਭੂੰਬਲਾ ਜੋ ਸ਼ੌਰੀਆ ਇੰਟਰਨੈਸ਼ਨਲ ਸਕੂਲ ਬਲਾਚੌਰ ਵਿਖੇ ਪੜ੍ਹਦੀ ਹੈ, ਨੇ ਆਰਟਸ ਗਰੁੱਪ ਵਿੱਚੋਂ 97 ਫੀਸਦੀ ਅੰਕ ਲੈ ਕੇ ਆਪਣੀ ਜਮਾਤ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਰਾਵੀ ਭੂੰਬਲਾ ਦੀ ਇਸ ਪ੍ਰਾਪਤੀ ਤੇ ਖ਼ੁਸ਼ੀ ਸਾਂਝੀ ਕਰਦਿਆਂ ਉਸ ਦੇ ਪਿਤਾ ਅਜੈ



ਵੀਰ ਸਿੰਘ ਤੇ ਮਾਤਾ ਮੋਨਿਕਾ ਨੇ ਦੱਸਿਆ ਕਿ ਇਹ ਰਾਵੀ ਦੀ ਸਖ਼ਤ ਮਿਹਨਤ ਅਤੇ ਲਗਨ ਦਾ ਨਤੀਜਾ ਹੈ, ਉਹਨਾਂ ਸ਼ੌਰੀਆ ਇੰਟਰਨੈਸ਼ਨਲ ਸਕੂਲ ਬਲਾਚੌਰ ਦੇ ਸਮੂਹ ਸਟਾਫ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਰਾਵੀ ਭੂੰਬਲਾ ਨੇ ਦੱਸਿਆ ਕਿ ਉਹ ਭਵਿੱਖ ਵਿੱਚ ਹੋਰ ਵੀ ਸਖ਼ਤ ਮਿਹਨਤ ਕਰਕੇ ਮਨੋਵਿਗਿਆਨੀ ਬਣਨਾ ਚਾਹੁੰਦੀ ਹੈ ਤੇ ਸਮਾਜ ਅਤੇ ਦੇਸ਼ ਦੀ ਸੇਵਾ ਕਰਨਾ ਚਾਹੁੰਦੀ ਹੈ । ਰਾਵੀ ਭੂੰਬਲਾ ਦੀ ਇਸ ਪ੍ਰਾਪਤੀ ਤੇ ਉਸ ਨੂੰ ਰਿਸ਼ਤੇਦਾਰਾਂ ਵਲੋਂ ਵਧਾਈਆਂ ਦਿੱਤੀਆਂ ਗਈਆ।

# ਇੰਸਪੈਕਟਰ ਗਗਨਦੀਪ ਸਿੰਘ ਨੇ ਸੰਭਾਲਿਆ ਮੋਰਿੰਡਾ ਸਿਟੀ ਥਾਣੇ ਦੇ ਐੱਸ.ਐੱਚ.ਓ. ਵਜੋਂ ਅਹੁਦਾ

**ਮੋਰਿੰਡਾ, 13 ਮਈ (ਸੁਖਵਿੰਦਰ ਸਿੰਘ ਹੈਪੀ):** ਪੁਲਿਸ ਪ੍ਰਸ਼ਾਸਨ ਵੱਲੋਂ ਕੀਤੇ ਗਏ ਤਬਾਦਲਿਆਂ ਦੀ ਲੜੀ ਤਹਿਤ ਅੱਜ ਇੰਸਪੈਕਟਰ ਗਗਨਦੀਪ ਸਿੰਘ ਨੇ ਥਾਣਾ ਸਿਟੀ ਮੋਰਿੰਡਾ ਦੇ ਨਵੇਂ ਮੁੱਖ ਅਫ਼ਸਰ (ਐੱਸ.ਐਚ.ਓ) ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਇੱਥੇ ਤਾਇਨਾਤ ਸਬ-ਇੰਸਪੈਕਟਰ ਗੁਰਮੁਖ ਸਿੰਘ ਦਾ ਤਬਾਦਲਾ ਨੂਰਪੁਰ ਬੇਦੀ ਵਿਖੇ ਹੋਣ ਉਪਰੰਤ ਇਹ ਨਿਯੁਕਤੀ ਕੀਤੀ ਗਈ ਹੈ। ਇੰਸਪੈਕਟਰ ਗਗਨਦੀਪ ਸਿੰਘ ਇਸ ਤੋਂ ਪਹਿਲਾਂ ਸਪੈਸ਼ਲ ਬ੍ਰਾਂਚ ਵਿਖੇ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ। ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣਾ ਅਤੇ ਲੋਕਾਂ ਨੂੰ ਇਨਸਾਫ਼ ਦਿਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼ਹਿਰ ਅੰਦਰ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਨਸ਼ੇ ਦੇ ਆਦੀ ਹੋ ਚੁੱਕੇ ਨੌਜਵਾਨਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਦਾ ਮਕਸਦ ਸਿਰਫ਼ ਸਜ਼ਾ ਦੇਣਾ ਨਹੀਂ, ਸਗੋਂ ਸੁਧਾਰ ਕਰਨਾ ਵੀ ਹੈ। ਜਿਹੜੇ ਨੌਜਵਾਨ ਇਸ ਲਤ ਦਾ ਸ਼ਿਕਾਰ ਹੋ ਚੁੱਕੇ ਹਨ, ਉਨ੍ਹਾਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਦਾਖ਼ਲ ਕਰਵਾਇਆ ਜਾਵੇਗਾ ਅਤੇ ਉਨ੍ਹਾਂ ਦੀ ਕਾਊਂਸਲਿੰਗ ਕੀਤੀ ਜਾਵੇਗੀ ਤਾਂ ਜੋ ਉਹ ਮੁੱਖ ਧਾਰਾ ਵਿੱਚ ਪਰਤ ਕੇ ਚੰਗੀ ਜ਼ਿੰਦਗੀ ਬਤੀਤ ਕਰ ਸਕਣ। ਨਵ ਨਿਯੁਕਤ ਐੱਸ.ਐਚ.ਓ. ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ ਤਾਂ ਜੋ ਮੋਰਿੰਡਾ ਸ਼ਹਿਰ ਨੂੰ ਅਪਰਾਧ ਮੁਕਤ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਥਾਣੇ ਵਿੱਚ ਆਉਣ ਵਾਲੇ ਹਰ ਨਾਗਰਿਕ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਹੋਵੇਗਾ।



## ਜ਼ਿਲ੍ਹਾ ਮੈਜਿਸਟਰੇਟ ਨੇ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦਾ ਹੁਕਮ ਕੀਤਾ ਜਾਰੀ

**ਨਵਾਂਸ਼ਹਿਰ, 13 ਮਈ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੰਚਾਇਤਾਂ ਨੂੰ, ਪੰਜਾਬ ਵਿਲੇਜ ਅਤੇ ਸਮਾਲ ਟਾਊਨ ਪੈਟਰੋਲ ਐਕਟ, 1918 ਦੀ ਧਾਰਾ 3 ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦੇ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੁਝ ਸ਼ਰਾਰਤੀ ਲੋਕਾਂ/ਚੋਰਾਂ ਵਲੋਂ ਚੋਰੀ ਦੀਆਂ ਵਾਰਦਾਤਾਂ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਮਾਲੀ ਨੁਕਸਾਨ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਕਿਸੇ ਤਰ੍ਹਾਂ ਦਾ ਮਾਲੀ ਸੰਪਤੀ ਨੁਕਸਾਨ ਨਾ ਹੋਣ ਵਾਸਤੇ ਜ਼ਿਲ੍ਹੇ ਦੀ ਹਦੂਦ ਅੰਦਰ ਠੀਕਰੀ ਪਹਿਰਾ ਲਗਾਉਣ ਦੀ ਜ਼ਰੂਰਤ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੀਆਂ ਸਬੰਧਤ ਪੰਚਾਇਤਾਂ ਰਾਹੀਂ ਇਹ ਹੁਕਮ ਸਖ਼ਤੀ ਨਾਲ ਲਾਗੂ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਇਹ ਹੁਕਮ 12ਜੁਲਾਈ 2026 ਤੱਕ ਲਾਗੂ ਰਹੇਗਾ।



# ਕੁਲਵਿੰਦਰ ਸਿੰਘ ਜੌਹਲ ਬਣਨਗੇ ਲੈਸਟਰ ਦੇ ਪਹਿਲੇ ਸਿੱਖੀ ਸਰੂਪ ਵਾਲੇ ਪਗੜੀਧਾਰੀ ਸਿੱਖ ਲਾਰਡ ਮੇਅਰ

## ਅੱਜ 14 ਮਈ ਦਿਨ ਵੀਰਵਾਰ ਨੂੰ ਤਾਜਪੋਸ਼ੀ ਸਮਾਗਮ ਦੌਰਾਨ ਸੰਭਾਲਣਗੇ ਅਹੁਦਾ

**ਲੈਸਟਰ (ਇੰਗਲੈਂਡ), 13 ਮਈ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਪ੍ਰਮੁੱਖ ਸ਼ਹਿਰ ਲੈਸਟਰ ਦੇ ਸਿਆਸੀ ਇਤਿਹਾਸ ਵਿੱਚ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ, ਜਦੋਂ ਕੌਂਸਲਰ ਕੁਲਵਿੰਦਰ ਸਿੰਘ ਜੌਹਲ 14 ਮਈ ਦਿਨ ਵੀਰਵਾਰ ਨੂੰ ਲੈਸਟਰ ਦੇ ਟਾਊਨ ਸੈਂਟਰ ਵਿਖੇ ਹੋਣ ਵਾਲੇ ਸ਼ਾਨਦਾਰ ਤਾਜਪੋਸ਼ੀ ਸਮਾਗਮ ਦੌਰਾਨ ਪਹਿਲੇ ਸਿੱਖੀ ਸਰੂਪ ਵਾਲੇ ਚੁਣੇ ਜਾ ਰਹੇ ਹਨ, ਕੁਲਵਿੰਦਰ ਸਿੰਘ ਜੌਹਲ ਇਕ ਅੱਜ ਲੈਸਟਰ ਸਿਟੀ ਕੌਂਸਲ ਵਿਖੇ ਹੋਣ ਵਾਲੇ ਵਿਸਾਲ ਤਾਜਪੋਸ਼ੀ ਸਮਾਰੋਹ ਮੌਕੇ ਲਾਰਡ ਮੇਅਰ ਵਜੋਂ ਅਹੁਦਾ ਸੰਭਾਲਣਗੇ। ਇਸ ਨਾਲ ਉਹ ਲੈਸਟਰ ਦੇ ਇਤਿਹਾਸ ਵਿੱਚ ਪਹਿਲੇ ਪਗੜੀਧਾਰੀ ਸਿੱਖ ਲਾਰਡ ਮੇਅਰ ਬਣ ਜਾਣਗੇ। ਉਨ੍ਹਾਂ ਦੀ ਚੋਣ ਨਾਲ ਸਿੱਖ ਅਤੇ ਪੰਜਾਬੀ ਭਾਈਚਾਰੇ ਵਿੱਚ ਖ਼ੁਸ਼ੀ ਅਤੇ ਮਾਣ ਦਾ ਮਾਹੌਲ ਹੈ।

ਜਲੰਧਰ ਜ਼ਿਲ੍ਹੇ ਦੇ ਫਿਲੌਰ ਨੇੜਲੇ ਪਿੰਡ ਤੇਹੰਗ ਨਾਲ ਸਬੰਧਤ ਕੁਲਵਿੰਦਰ ਸਿੰਘ ਜੌਹਲ 6 ਸਾਲ ਦੀ ਉਮਰ ਵਿੱਚ ਆਪਣੇ ਪਰਿਵਾਰ ਸਮੇਤ ਇੰਗਲੈਂਡ ਆ ਵੱਸੇ ਸਨ। ਉਨ੍ਹਾਂ ਦੇ ਪਿਤਾ ਜਸਵੀਰ ਸਿੰਘ ਜੌਹਲ ਅਤੇ ਮਾਤਾ ਤਰਸੇਮ ਕੌਰ ਜੌਹਲ ਨੇ ਪਰਿਵਾਰ ਨੂੰ ਮਿਹਨਤ ਅਤੇ ਸੇਵਾ ਦੇ ਸੰਸਕਾਰ ਦਿੱਤੇ। ਚਾਰ ਭੈਣਾਂ ਵਾਲੇ ਪਰਿਵਾਰ ਵਿੱਚ ਪਲੇ ਕੁਲਵਿੰਦਰ ਸਿੰਘ ਜੌਹਲ ਨੇ ਆਪਣੀ ਪੜ੍ਹਾਈ ਲੈਸਟਰ ਵਿੱਚ ਹੀ ਪੂਰੀ ਕੀਤੀ, ਅਤੇ ਬਾਅਦ ਵਿੱਚ ਰਸਲ ਕਾਸਟਿੰਗਜ਼ ਲਿਮਿਟੇਡ ਵਿੱਚ ਕਰੀਬ 25 ਸਾਲ ਤੱਕ ਸੇਵਾ ਨਿਭਾਈ। 2016 ਵਿੱਚ ਫਾਊਂਡਰੀ ਬੰਦ ਹੋਣ ਤੱਕ ਉਹ ਮਜ਼ਦੂਰ ਹੱਕਾਂ ਅਤੇ ਟਰੇਡ ਯੂਨੀਅਨ ਮੁੱਲਾਂ ਨਾਲ ਜੁੜੇ ਰਹੇ, ਜਿਸ ਨੇ ਉਨ੍ਹਾਂ ਦੇ ਜੀਵਨ ਵਿੱਚ ਸਬਰ ਅਤੇ ਲੋਕ ਹਿੱਤ ਲਈ ਕੰਮ ਕਰਨ ਦੀ ਸੋਚ ਹੋਰ ਮਜ਼ਬੂਤ ਕੀਤੀ।



ਸਿੱਖ ਧਰਮ ਦੀ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਕੁਲਵਿੰਦਰ ਸਿੰਘ ਜੌਹਲ ਨੇ ਲੰਬੇ ਸਮੇਂ ਤੱਕ ਭਾਈਚਾਰਕ ਅਤੇ ਧਾਰਮਿਕ ਕਾਰਜਾਂ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਹ ਗੁਰਦਵਾਰਾ ਸ੍ਰੀ ਗੁਰੂ ਨਾਨਕ ਦੇਵ ਲੈਸਟਰ ਦੇ ਲੰਮਾ ਸਮਾ ਜਨਰਲ ਸਕੱਤਰ ਵੀ ਰਹੇ , ਅਤੇ 2002 ਵਿੱਚ ਮਹਾਰਾਣੀ ਐਲਿਜ਼ਾਬੇਥ ਦੂਜੀ ਦੇ ਗੁਰਦੁਆਰਾ ਦੌਰੇ ਦੌਰਾਨ ਪ੍ਰਬੰਧਾਂ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ । ਇਸ ਤੋਂ ਇਲਾਵਾ ਉਨ੍ਹਾਂ ਨੇ ਜੀਐਨਜੀ ਫੁੱਟਬਾਲ ਕਲੱਬ ਨੂੰ ਸ਼ਹਿਰ ਦੀਆਂ ਸਭ ਤੋਂ ਵੱਡੀਆਂ ਅਤੇ ਸਮਾਵੇਸ਼ੀ ਖੇਡ ਸੰਸਥਾਵਾਂ ਵਿੱਚ ਸ਼ਾਮਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਖਾਸ ਕਰਕੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਹਰ ਵਰਗ ਲਈ ਖੇਡਾ ਦੇ ਮੌਕੇ ਪੈਦਾ ਕਰਨ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਸਥਾਨਕ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਕੀਤੀ ਜਾਂਦੀ ਹੈ।ਉਹ ਲੈਸਟਰ ਦੇ ਬਰਾਊਨਸਟੋਨ ਪਾਰਕ ਅਤੇ ਰੌਲੀ ਫੀਲਡਜ਼ ਇਲਾਕੇ ਵਿੱਚ ਹੀ ਪਲੇ ਅਤੇ ਉਥੇ ਹੀ ਰਹਿੰਦੇ ਹੋਏ ਸਮਾਜ ਸੇਵਾ ਨਾਲ ਜੁੜੇ ਰਹੇ। ਸਾਲ 2015 ਵਿੱਚ ਉਹ ਲੇਬਰ ਪਾਰਟੀ ਵੱਲੋਂ ਕੌਂਸਲਰ ਚੁਣੇ ਗਏ,ਅਤੇ ਉਸ ਤੋਂ ਬਾਅਦ ਹੁਣ ਤੱਕ ਉਹ ਲਗਾਤਾਰ ਕੌਂਸਲਰ ਵਜੋ ਚੌਣਾ ਜਿੱਤ ਕੇ ਲਗਾਤਾਰ ਆਪਣੇ ਇਲਾਕੇ ਦੀ ਨੁਮਾਇੰਦਗੀ ਕਰ ਰਹੇ ਹਨ। ਲੋਕਾਂ ਨਾਲ ਸਿੱਧਾ ਸੰਪਰਕ, ਸਾਦਗੀ ਅਤੇ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਦੀ ਸੋਚ ਕਾਰਨ ਉਨ੍ਹਾਂ ਨੂੰ ਸ਼ਹਿਰ ਵਿੱਚ ਵਿਸ਼ੇਸ਼ ਮਾਣ-ਸਤਿਕਾਰ ਮਿਲਿਆ ਹੈ। ਲਾਰਡ ਮੇਅਰ ਵਜੋਂ ਉਹ ਮਿਡਲੈਂਡ ਲੰਗਰ ਸੇਵਾ ਸੁਸਾਇਟੀ ਅਤੇ ਲੈਸਟਰ ਹਸਪਤਾਲ ਸਹਾਇਤਾ ਸੰਸਥਾ ਦੇ ਕੰਮਾਂ ਨੂੰ ਉਤਸ਼ਾਹਿਤ ਕਰਨਗੇ। ਇਹ ਸੰਸਥਾਵਾਂ ਭੁੱਖਮਰੀ, ਬੇਘਰਤਾ, ਡਾਇਬਟੀਜ਼ ਅਤੇ ਕਿਡਨੀ ਰੋਗਾਂ ਨਾਲ ਜੂਝ ਰਹੇ ਲੋਕਾਂ ਦੀ ਸਹਾਇਤਾ ਲਈ ਕੰਮ ਕਰ ਰਹੀਆਂ ਹਨ। ਜੌਹਲ ਦਾ ਕਹਿਣਾ ਹੈ ਕਿ ਉਹ ਲੈਸਟਰ ਦੇ ਹਰ ਵਸਨੀਕ ਦੀ ਸੇਵਾ ਖੁੱਲ੍ਹੇ ਦਿਲ, ਨਿਮਰਤਾ ਅਤੇ ਸਤਿਕਾਰ ਨਾਲ ਕਰਨ ਲਈ ਵਚਨਬੱਧ ਹਨ। ਉਨ੍ਹਾਂ ਦੀ ਪਤਨੀ ਮਨਜੀਤ ਕੌਰ ਜੌਹਲ, ਜਿਨ੍ਹਾਂ ਨਾਲ ਉਨ੍ਹਾਂ ਦਾ 32 ਸਾਲਾਂ ਦਾ ਵਿਆਹੀ ਜੀਵਨ ਹੈ, ਲੇਡੀ ਮੇਅਰੈੱਸ ਵਜੋਂ ਸਮਾਗਮਾਂ ਵਿੱਚ ਉਨ੍ਹਾਂ ਦਾ ਸਾਥ ਦੇਣਗੇ। ਉਨ੍ਹਾਂ ਦੀ ਧੀ ਗੁਰਸਿਮਰਨ ਕੌਰ ਹੇਅਰ, ਜੋ ਡੀ ਮੋਂਟਫੋਰਟ ਯੂਨੀਵਰਸਿਟੀ ਤੋਂ ਮੀਡੀਆ ਗ੍ਰੈਜੂਏਟ ਹਨ ਅਤੇ ਖੇਡ ਸਮਾਗਮਾਂ ਨਾਲ ਜੁੜੇ ਮੀਡੀਆ ਖੇਤਰ ਵਿੱਚ ਕੰਮ ਕਰ ਰਹੇ ਹਨ, ਕਨਸੋਰਟ ਵਜੋਂ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਦਾ ਪੁੱਤਰ ਅਸ਼ਵੀਰ ਸਿੰਘ ਜੌਹਲ ਵੀ ਪਰਿਵਾਰਕ ਸਮਾਗਮਾਂ ਵਿੱਚ ਸ਼ਮੂਲੀਅਤ ਕਰੇਗਾ।

14 ਮਈ ਨੂੰ ਹੋਣ ਵਾਲੇ ਤਾਜਪੋਸ਼ੀ ਸਮਾਗਮ ਨੂੰ ਲੈ ਕੇ ਲੈਸਟਰ ਦੇ ਪੰਜਾਬੀ ਅਤੇ ਸਿੱਖ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਇਸ ਨੂੰ ਭਾਈਚਾਰੇ ਲਈ ਇਤਿਹਾਸਕ ਪਲ ਵਜੋਂ ਦੇਖਿਆ ਜਾ ਰਿਹਾ ਹੈ।

for more news visit:
www.samajweekly.com

# ਖੇਤ ਖਾਣੀਆਂ ਵਾੜਾਂ

ਜਦੋਂ ਟੱਕਰੇ ਵਿਚੋਲੇ ਸਾਮੀਂ ਨੂੰ ,
ਨਿੱਤ ਦੇ ਲਾਲਚ 'ਤੇ ਹਿਲੇ ਹੋਏ ।
ਵਿਜੀਲੈਂਸ ਦੇ ਚਮਚਿਆਂ ਨੂੰ ਸੁਣਿਐਂ,
ਬਾਡੀ - ਗਾਰਡ ਸਨ ਮਿਲੇ ਹੋਏ ।
ਜਦੋਂ ਸੀ ਬੀ ਆਈ ਨੇ ਰੇਡ ਕਰੀ ,
ਕਾਬੂ ਕਰ ਲਏ ਸਨ ਤਿੰਨ ਜਣੇਂ ;
ਮੁਰਝਾ ਗਏ ਟੁੱਟੇ ਫੁੱਲ ਵਾਂਗੂੰ ,
ਕਈਆਂ ਦੇ ਚਿਹਰੇ ਖਿਲੇ ਹੋਏ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ 19914836037

# ਮਾਵਾਂ

ਦੁਨੀਆਂ ਦੀ ਇਸ ਧਰਤੀ ਉੱਤੇ
ਰੱਬ ਨੇ ਲਾਏ ਸੋਹਣੇ ਬੂਟੇ ਮਾਵਾਂ ਦੇ।
ਹਰ ਇਕ ਨੂੰ ਮਿਲਦੇ ਨੇ
ਇਨ੍ਹਾਂ ਤੋਂ ਖੁੱਲ੍ਹੇ ਗੱਫੇ ਛਾਵਾਂ ਦੇ।
ਜਦੋਂ ਦੋਸਤ ਛੱਡ ਜਾਂਦੇ ਨੇ
ਇਨਸਾਨ ਨੂੰ ਕਰਕੇ ਬੇਸਹਾਰਾ,
ਉਦੋਂ ਡੰਗੋਰੀ ਬਣ ਕੇ
ਮਾਵਾਂ ਦਿੰਦੀਆਂ ਨੇ ਸਹਾਰਾ।
ਆਪਣੇ ਦਿਲਾਂ 'ਚ ਲੁਕਾ ਕੇ ਗ਼ਮ
ਮਾਵਾਂ ਵੰਡਣ ਖੁਸ਼ੀਆਂ ਦੇ ਪਤਾਸੇ।
ਉਨ੍ਹਾਂ ਨੂੰ ਵੇਖ ਕੇ ਖਿੜ ਉੱਠਦੇ ਨੇ
ਪੁੱਤਾਂ ਦੇ ਚਿਹਰੇ ਉਦਾਸੇ।
ਇਹ ਹਰ ਕੋਈ ਜਾਣਦਾ ਹੈ
ਕਿ ਬਦਲਦੀਆਂ ਨਹੀਂ ਤਕਦੀਰਾਂ,
ਪਰ ਪੁਤਾਂ ਦੀਆਂ ਖੁਸ਼ੀਆਂ ਲਈ
ਮਾਵਾਂ ਬੈਠ ਕੇ ਸੋਚਣ ਤਦਬੀਰਾਂ।
ਬੇਸ਼ੱਕ ਪੁੱਤ ਦੇਣ ਮਾਵਾਂ ਨੂੰ
ਕੌੜੇ ਬੋਲਾਂ ਦੇ ਜ਼ਾਲਮ ਖ਼ਾਰ,
ਤਾਂ ਵੀ ਮਾਵਾਂ ਦੇਣ ਉਨ੍ਹਾਂ ਨੂੰ
ਮਿੱਠੇ ਬੋਲਾਂ ਦੇ ਸੋਹਣੇ ਹਾਰ।
ਮਾਵਾਂ ਦੇ ਹੁੰਦਿਆਂ ਤੋੜਨੀ ਔਖੀ
ਉਨ੍ਹਾਂ ਦੇ ਜੀਵਨ ਦੀ ਰਬਾਬ।
ਉਨ੍ਹਾਂ ਦੀ ਕਦੇ ਹਾਰ ਹੋਏ ਨਾ
ਇਹ ਮਾਵਾਂ ਦੇ ਖ਼ਾਬ।
ਜਿਹੜੇ ਆਪਣੀਆਂ ਮਾਵਾਂ ਦਾ
ਕਰਦੇ ਨਹੀਂ ਸਤਿਕਾਰ,
ਉਨ੍ਹਾਂ ਦੇ ਜੀਵਨ -ਬਾਗ 'ਚ
ਆਏ ਨਾ ਕਦੇ ਬਹਾਰ।
ਜਿਹੜੇ ਆਪਣੀਆਂ ਮਾਵਾਂ ਤੋਂ
ਲੈਂਦੇ ਨਹੀਂ ਪਿਆਰ,
'ਮਾਨ' ਉਨ੍ਹਾਂ ਲਈ ਉਜਾੜ ਹੈ
ਇਹ ਖੂਬਸੂਰਤ ਸੰਸਾਰ।



ਮਹਿੰਦਰ ਸਿੰਘ ਮਾਨ
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ -9915803554

# ਹਰਿਨਾਖਸ਼ ਦ੍ਰਿਸ਼ਟੀ

ਇਹ ਜੋ ਅਸੀਂ-
ਸੱਚ ਨੂੰ ਝੂਠ ਤੇ ਝੂਠ ਨੂੰ ਸੱਚ
ਬੜੀ ਹੁਨਰ ਭਰੀ ਚਤਰਾਈ
ਤੇ ਵਿਦਵਤਾ ਦੀ ਪ੍ਰਦਰਸ਼ਨੀ ਸੰਗ ਕਰਦੇ ਹਾਂ
ਅਸਲ ਵਿਚ ਸਾਡੇ ਅੰਤਹਿਕਰਨ ਦੀ
ਟੁੱਟ ਭੱਜ ਦੀ ਪ੍ਰਤੀਧੁਨੀ ਦਾ ਸਿੱਟਾ ਹੈ।
ਆਪਣੇ ਮਨ ਦੀ ਜੋਤ ਤੋਂ
ਬਹੁਤ ਪਰ੍ਹਾਂ ਜਾ ਡਿੱਗਣ ਦਾ,
ਕਾਮ ਦੀਆਂ ਹਨੇਰੀਆਂ ਖਾਈਆਂ ਵਿਚ,
ਕ੍ਰੂੜ ਕ੍ਰੋਧ ਦੀਆਂ ਗੁਫ਼ਾਵਾਂ ਵਿਚ,
ਲੋਭ ਪਾਪ ਦੇ ਡੂੰਘੇ ਸਾਗਰਾਂ ਵਿਚ।
ਕੀ ਇਹ ਅਹਿਲਿਆ ਦੀ ਸੁੰਦਰਤਾ ਦਾ
ਕੋਈ ਵਿਸ਼ੇਸ਼ ਚਮਤਕਾਰ ਸੀ
ਜੋ ਇੰਦਰ ਸਿੰਘਾਸਣ ਛੱਡ
ਅਹਿਲਿਆ ਦੀ ਸੇਜ 'ਤੇ ਜਾ ਡਿੱਗਾ ?
ਤੇ ਨਿਰਦੋਸ਼ ਅਹਿਲਿਆ
'ਪਾਸ਼ਾਣੀ' ਬਣ ਸਰਾਪੀ ਗਈ ।
ਕੀ ਲੂਣਾ
ਪੂਰਨ ਦੇ ਰੂਪ ਨੂੰ
ਚੀਂਘ ਲਾ ਡੀਕ ਜਾਣਾ ਲੋਚਦੀ ਰਹੀ ?
ਜਾਂ ਹਰਿਨਾਖਸ਼
ਪ੍ਰਹਿਲਾਦ ਲਈ
ਥੰਮ੍ਹ ਤੱਤੇ ਕਰਦਾ ਰਿਹਾ ?
ਯੁੱਗਾਂ ਪਿੱਛੋਂ.
ਅੱਜ ਫਿਰ ਲੋੜ ਹੈ
ਰਾਮ ਦੀ ਛੂਹ ਪਾ
ਪਾਸ਼ਾਣੀ ਅਹਿਲਿਆ
ਮੂਲ ਪੁਨੀਤ ਰੂਪ ਵਿੱਚ ਆ ਜਾਵੇ।
ਜਾਂ ਕੀੜੀ ਦੇ ਰੂਪ 'ਚ ਭਗਵਾਨ
ਤੱਤੇ ਥੰਮ੍ਹ ਤੇ ਚੱਲ ਆਵੇ ।
ਤਾਂ ਇਹ ਜੋ ਅਸੀਂ
ਸੱਚ ਨੂੰ ਝੂਠ ਤੇ ਝੂਠ ਨੂੰ ਸੱਚ
ਬੜੀ ਹੁਨਰ ਭਰੀ ਚਤਰਾਈ
ਤੇ ਵਿਦਵਤਾ ਦੀ ਪ੍ਰਦਰਸ਼ਨੀ ਸੰਗ ਕਰਦਿਆਂ
ਮਨ ਦੀ ਜੋਤ ਤੋਂ ਦੂਰ ਜਾ ਭਟਕਦੇ ਹਾਂ -
ਮੂਲ ਰਾਹ ਦਰਸਾ
ਪਰਮ ਪਰਗਾਸ ਦੀ ਜੋਤ ਜਗਾ ਜਾਵੇ ।
ਹਰਿਨਾਖਸ਼ ਦ੍ਰਿਸ਼ਟੀ ਤੋਂ
ਮੁਕਤ ਕਰਵਾ ਜਾਵੇ ।



ਸੁਰਜੀਤ ਸਿੰਘ ਭੁੱਲਰ

# ਨਕਲ ਯੁੱਗ

ਪਦਾਰਥਵਾਦ ਵਿੱਚ ਨਕਲਾਂ ਦਾ ਯੁੱਗ ਗਰਮਾਇਆ
ਹੁਣ ਮੁੱਲ ਵਿਕਦੇ ਪਰਚੇ ਦੇਖੋ ਕੇਹਾ ਯੁੱਗ ਆਇਆ।
ਮਿਹਨਤ ਵਾਲਿਆਂ ਦੀ ਮਿਹਨਤ ਨੂੰ ਫ਼ਲ ਨਾ ਲੱਗਦੇ
ਪੈਸਿਆਂ ਵੱਟੇ ਕਾਮਯਾਬੀ ਉਲਟੇ ਦਰਿਆ ਵੱਗਦੇ॥
ਅਮੀਰ ਗਰੀਬ ਦਾ ਫ਼ਰਕ ਮਿਟਾਉਣ ਵਾਲੇ ਨਾਅਰੇ
ਨਕਲ ਮਾਫ਼ੀਆ ਦਾ ਮਾਇਆ ਜਾਲ ਬਣੇ ਲਾਰੇ।
ਸਮੇਂ ਤੇ ਅਜਬ ਗੇੜ ਦੁਨੀਆਂ ਕਸੂਤੇ ਰਾਹ ਪਾਈ
ਨਕਲਾਂ ਦੇ ਕਾਲੇ ਕਾਰੋਬਾਰ ਲੋਕ ਪਾਉਂਦੇ ਦੁਹਾਈ॥
ਜ਼ੋਰ ਮਾਇਆ ਸੰਗ ਕਿਰਤ ਖ਼ਰੀਦ ਬਣੇ ਕਿਰਤੀ
ਰਿਸ਼ਵਤ ਤਾਂ ਲੈ ਧ੍ਰੋਹ ਕਮਾਉਂਦੇ ਕੰਮ ਚੋਰ ਬਿਰਤੀ।
ਖ਼ਰੀਦ ਕਿਰਤ ਦੁੱਧ ਚਿੱਟੀ ,ਕਾਲੀ ਰੋਜ਼ੀ ਕਮਾਉਂਦੇ
ਅਸਲ ਵਿੱਚ ਮਲਕ ਭਾਗੋ ਦੇ ਵਾਰਸ ਕਹਿਲਾਉਂਦੇ॥

# ਅਜੋਕਾ ਯੁੱਗ

ਦੇਖੋ ਪਦਾਰਥਵਾਦ ਦੇ ਅਜੋਕੇ ਯੁੱਗ ਦੇ ਰੰਗ
ਡਿਜ਼ੀਟਲ ਪਰਿਵਾਰ ਸਾਂਝਾ ਵੈਸੇ ਨਾ ਕੋਈ ਸੰਗ।
ਹਰ ਸ਼ਖਸ ਮਾਇਆ ਦੀ ਭੱਜ ਦੌੜ ਵਿੱਚ ਰੁੱਝਿਆ
ਉਂਝ ਬੰਦਾ ਸਫ਼ਲ ਤਨ ਥੱਕਿਆ ਤੇ ਮਨ ਬੁੱਝਿਆ॥
ਮਤਲਬ ਲਈ ਤਾਂ ਰਿਸ਼ਤਿਆਂ ਵਿੱਚ ਮਿੱਠੀ ਮਿਠਾਸ
ਨਿਕਲਦੇ ਸਾਰ ਜਿਉਂ ਚਾਟੀ ਵਾਲੀ ਲੱਸੀ ਖੱਟਾਸ।
ਅੱਪਣਤ ਵਾਲੇ ਦਰਾਂ ਨੂੰ ਕਾਲ ਯੁੱਗ ਵੱਜੇ ਜੰਦਰੇ
ਲੋਕ ਸ਼ਰਮ ਤੇ ਰੀਤੀ ਰਿਵਾਜਾਂ ਦੇ ਟੁੱਟੇ ਤੰਦਰੇ॥
ਸਮੇਂ ਨੂੰ ਵਿਕਾਰਾਂ ਦੇ ਗੇੜਾ ਕੀਤਾ ਡਾਹਢਾ ਤੇਜ਼
ਬਦਕਾਰੀ ਤੇ ਝੂਠ ਨੂੰ ਮਿੱਲੀ ਖੁੱਲ੍ਹ ਸੱਚ ਤੋਂ ਪ੍ਰਹੇਜ਼।
ਕੌਣ ਅਸਲ ਮੁਰਸ਼ਦ ਨੂੰ ਲੱਭ ਕਾਲ ਤੋਂ ਰੂਹ ਛੱਡਾਵੇ
ਜੋ ਮੋਹ ਦੇ ਚੱਕਰਵਿਊ ਵਿੱਚ ਡੂੰਘੀ ਫੱਸਦੀ ਜਾਵੇ॥



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਜਨਮਦਿਨ ਮੁਬਾਰਕ



**ਗੁਰਨਿਆਂਮਤ ਸਿੰਘ ਅਟਵਾਲ**
ਪਿਤਾ: ਸੁਖਚੈਨ ਸਿੰਘ
ਮਾਤਾ: ਕੁਲਵਿੰਦਰ ਕੌਰ
ਪਿੰਡ: ਚੰਦ ਨਵਾਂ ( ਮੋਗਾ )

# ਕਾਂਗਰਸ ਨੂੰ ਦੋਆਬਾ ਪੱਧਰ ‘ਤੇ ਵੱਡਾ ਝਟਕਾ: 37 ਸਾਲਾਂ ਤੋਂ ਕਾਂਗਰਸ ਨਾਲ ਜੁੜੇ ਟਕਸਾਲੀ ਆਗੂ ਚੇਤ ਰਾਮ ਰਤਨ ਭਾਜਪਾ ਵਿੱਚ ਸ਼ਾਮਲ, ਅਸ਼ਵਨੀ ਸ਼ਰਮਾ, ਸੁਨੀਲ ਜਾਖੜ ਤੇ ਤਰੁਣ ਚੁੱਘ ਦੀ ਹਾਜ਼ਰੀ ਵਿੱਚ ਭਾਜਪਾ ‘ਚ ਹੋਇਆ ਸ਼ਾਨਦਾਰ ਸਵਾਗਤ

**ਚੰਡੀਗੜ੍ਹ, ਚਰਨਜੀਤ ਸੱਲ੍ਹਾ** ਪੰਜਾਬ ਵਿੱਚ ਹੋਣ ਜਾ ਰਹੀਆਂ ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਦੋਆਬਾ ਖੇਤਰ ਵਿੱਚ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਨਵਾਂਸ਼ਹਿਰ ਦੇ ਸੀਨੀਅਰ ਅਤੇ ਟਕਸਾਲੀ ਕਾਂਗਰਸੀ ਆਗੂ ਚੇਤ ਰਾਮ ਰਤਨ ਆਪਣੇ ਸੈਂਕੜਿਆਂ ਸਾਥੀਆਂ ਸਮੇਤ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਹ ਸ਼ਮੂਲੀਅਤ ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ, ਕਾਰਜਕਾਰੀ ਸੂਬਾ ਪ੍ਰਧਾਨ ਸੁਨੀਲ ਜਾਖੜ, ਕੇਂਦਰੀ ਮਹਾਮੰਤਰੀ ਤਰੁਣ ਚੁੱਘ ਅਤੇ ਪੰਜਾਬ ਦੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੀ ਅਗਵਾਈ ਹੇਠ ਹੋਈ।

ਚੇਤ ਰਾਮ ਰਤਨ ਪਿਛਲੇ ਕਰੀਬ 37 ਸਾਲਾਂ ਤੋਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ ਅਤੇ ਗਰਾਊਂਡ ਲੈਵਲ ‘ਤੇ ਮਜ਼ਬੂਤ ਪਕੜ ਵਾਲੇ ਆਗੂ ਵਜੋਂ ਜਾਣੇ ਜਾਂਦੇ ਰਹੇ ਹਨ। ਉਹ ਚਾਰ ਵਾਰ ਨਗਰ ਕੌਂਸਲਰ ਚੁਣੇ ਗਏ, ਦੋ ਵਾਰ ਨਗਰ ਕੌਂਸਲ ਦੇ ਐਕਟਿੰਗ ਪ੍ਰਧਾਨ ਰਹੇ ਅਤੇ ਕਾਂਗਰਸ ਸਰਕਾਰ ਦੌਰਾਨ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਵੀ ਰਹੇ। ਇਸ ਤੋਂ ਇਲ-ਾਵਾ ਉਹ ਐਸਸੀ ਡਿਪਾਰਟਮੈਂਟ ਦੇ ਪੰਜਾਬ ਕੋਆਰਡੀਨੇਟਰ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ।

ਭਾਜਪਾ ਵਿੱਚ ਸ਼ਾਮਲ ਹੋਣ ਮੌਕੇ ਚੇਤ ਰਾਮ ਰਤਨ ਨੇ ਕਿਹਾ ਕਿ ਕਾਂਗਰਸ ਵਿੱਚ ਮਿਹਨਤੀ ਅਤੇ ਜ਼ਮੀਨੀ ਪੱਧਰ ‘ਤੇ ਕੰਮ ਕਰਨ ਵਾਲੇ ਵਰਕਰਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਵਿੱਚ ਸਿਰਫ਼ ਚਾਪਲੂਸੀ ਕਰਨ ਵਾਲਿਆਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਕਾਰਨ ਸਮਰਪਿਤ ਵਰਕਰ ਆਪਣੇ ਆਪ ਨੂੰ



ਅਪਮਾਨਿਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾਂ ਗਰੀਬ ਅਤੇ ਪਿੱਛੜੇ ਵਰਗ ਦੇ ਹੱਕਾਂ ਲਈ ਆਵਾਜ਼ ਉਠਾਉਂਦੇ ਰਹੇ ਹਨ ਪਰ ਪਾਰਟੀ ਵੱਲੋਂ ਉਨ੍ਹਾਂ ਨੂੰ ਯੋਗ ਸਨਮਾਨ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੀਆਂ ਲੋਕ ਪੱਖੀ ਅਤੇ ਵਿਕਾਸਮੁਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਉਹ ਬਿਨਾਂ ਕਿਸੇ ਸ਼ਰਤ ਦੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਦੀਆਂ ਨੀਤੀਆਂ ਪੰਜਾਬ ਨੂੰ ਤਰੱਕੀ ਦੇ ਰਾਹ ‘ਤੇ ਲੈ ਕੇ ਜਾਣਗੀਆਂ ਅਤੇ ਉਹ ਹੁਣ ਦੋਆਬਾ ਪੱਧਰ ‘ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ।

ਚੇਤ ਰਾਮ ਰਤਨ ਨੇ ਇਹ ਵੀ ਕਿਹਾ ਕਿ ਕੁਝ ਸਾਬਕਾ ਵਿਧਾਇਕਾਂ ਅਤੇ ਟਿਕਟ ਦੇ ਦਾਵੇਦਾਰਾਂ ਨੇ ਆਪਣੇ ਨਿੱਜੀ ਸਵਾਰਥਾਂ ਲਈ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਆਗੂਆਂ ਨੇ ਪਹਿਲਾਂ ਕਾਂਗਰਸ ਛੱਡ ਕੇ ਆਜ਼ਾਦ ਚੋਣਾਂ ਲੜੀਆਂ, ਉਹ ਬਾਅਦ ਵਿੱਚ ਆਪਣੇ ਸਮਰਥਕਾਂ ਨੂੰ ਬਿਨਾਂ ਜਾਣਕਾਰੀ ਦਿੱਤੇ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ, ਜਿਸ ਨਾਲ ਵਰਕਰਾਂ ਦਾ ਮਨੋਬਲ ਟੁੱਟਿਆ।

ਇਸ ਮੌਕੇ ਭਾਜਪਾ ਆਗੂਆਂ ਨੇ ਚੇਤ ਰਾਮ ਰਤਨ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਉਣ ਨਾਲ ਖਾਸ ਤੌਰ ‘ਤੇ ਐਸਸੀ ਭਾਈਚਾਰੇ ਵਿੱਚ ਭਾਜਪਾ ਨੂੰ ਵੱਡੀ ਮਜ਼ਬੂਤੀ ਮਿਲੇਗੀ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਪੰਜਾਬ ਵਿੱਚ ਆਉਣ ਵਾਲੇ ਸਮੇਂ ਦੌਰਾਨ ਭਾਜਪਾ ਇੱਕ ਮਜ਼ਬੂਤ ਵਿਕਲਪ ਵਜੋਂ ਉਭਰੇਗੀ।

ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸਾਬਕਾ ਪੰਜਾਬ ਸਕੱਤਰ ਡਾ. ਤਜਿੰਦਰ ਸਿੰਘ ਨਵਾਂਸ਼ਹਿਰ ਨੇ ਵੀ ਆਪਣੇ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸਮਾਗਮ ਵਿੱਚ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ, ਐਡਵੋਕੇਟ ਵਿਸ਼ਾਲ ਸ਼ਰਮਾ, ਤਜਿੰਦਰ ਸਿੰਘ ਅਟਵਾਲ, ਕਰਨ ਦੀਵਾਨ, ਡਾ. ਅਸ਼ਵਨੀ ਕੁਮਾਰ ਧੀਰ, ਜੱਸੀ ਮਹਾਲੋ, ਕੁਲਵਿੰਦਰ ਸਿੰਘ ਅਤੇ ਪਰਮਜੀਤ ਸਿੰਘ ਸਮੇਤ ਕਈ ਪ੍ਰਮੁੱਖ ਆਗੂ ਅਤੇ ਵਰਕਰ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਵਲੋਂ 15 ਦੇ ਰੋਸ ਧਰਨੇ ਸੰਬੰਧੀ ਪਿੰਡਾਂ ਵਿੱਚ ਮੀਟਿੰਗਾਂ ਜਾਰੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ 15 ਮਈ ਨੂੰ ਭਾਖੜਾ ਡੈਮ ਦੇ ਮਸਲੇ ਅਤੇ ਹੋਰ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਤਿਆਰੀ ਲਈ ਕਿਰਤੀ ਕਿਸਾਨ ਯੂਨੀਅਨ ਗੜ੍ਹਸ਼ੰਕਰ ਵਲੋ ਪਿੰਡ ਚਾਹਲ ਪੁਰ ਅਤੇ ਮੋਇਲਾ ਵਾਹਿਦ ਪੁਰ ਵਿਖੇ ਕਿਸਾਨਾ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਕੇਂਦਰ ਸਰਕਾਰ ਵਲੋਂ ਪੰਜਾਬ ਅਤੇ ਕਿਸਾਨਾਂ ਨਾਲ ਕੀਤੀ ਜਾ ਰਹੀ ਧਕੇਸ਼ਾਹੀ ਦੀ ਪੁਰ-ਜ਼ੋਰ ਨਿਖੇਧੀ ਕੀਤੀ ਗਈ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ ਅਤੇ ਜਿਲ੍ਹਾ ਸਕੱਤਰ ਕੁਲਵਿੰਦਰ



ਸਿੰਘ ਚਾਹਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਭਾਖੜਾ ਡੈਮ ਮੈਨਜਮੈਂਟ ਕਮੇਟੀ ਵਿੱਚ ਪੰਜਾਬ ਦੀ ਮੈਂਬਰਸ਼ਿਪ ਖਤਮ ਕਰਕੇ ਆਪਣਾ ਪੰਜਾਬ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ ਅਤੇ ਕਾਪਰੇਟ ਸੁਸਾਇਟੀਆਂ ਵਲੋਂ ਵਧਾਏ ਹੋਏ ਹੱਦ ਕਰਜ਼ਿਆਂ ਮੁਬਾਰਕ ਲੋਨ ਨਹੀਂ ਦਿਤਾ ਜਾ ਰਿਹਾ। ਜਿਸ ਕਰਕੇ ਕਿਸਾਨਾ ਵਿੱਚ ਕੇਂਦਰ ਸਰਕਾਰ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਸਮੂਹ ਕਿਸਾਨਾਂ ਨੂੰ 15 ਮਈ ਨੂੰ ਚੰਡੀਗੜ੍ਹ ਪੁੱਜਣ ਦੀ ਅਪੀਲ ਕੀਤੀ।

ਅੱਜ ਦੀ ਮੀਟਿੰਗ ਵਿੱਚ ਬਲਾਕ ਸਕੱਤਰ ਕੁਲਵੰਤ ਸਿੰਘ ਗੋਲੇਵਾਲ, ਸੁਖਵਿੰਦਰ ਸਿੰਘ ਮੋਇਲਾ ਵਾਹਿਦ-ਪੁਰ, ਰੇਸ਼ਮ ਸਿੰਘ, ਗੁਰਨੇਕ ਸਿੰਘ, ਮੱਖਣ ਸਿੰਘ, ਸਤਨਾਮ ਸਿੰਘ ਚਾਹਲ ਪੁਰ, ਲਖਵੀਰ ਸਿੰਘ, ਪ੍ਰਿਤਪਾਲ ਸਿੰਘ ਤੇ ਗੁਰਦੀਪ ਸਿੰਘ ਆਦਿ ਕਿਸਾਨ ਹਾਜਰ ਸਨ।

## ਹਲਕਾ ਭੁਲੱਥ ਅੰਦਰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨੂੰ ਬੱਲ ਮਿਲਿਆ



**ਭੁਲੱਥ (ਚਰਨਜੀਤ ਸੱਲ੍ਹਾ )** ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨਾਲ ਲੋਕ ਵੱਡੀ ਗਿਣਤੀ ਵਿੱਚ ਸਾਮਲ ਹੋ ਰਹੇ ਹਲਕਾ ਭੁਲੱਥ ਅੰਦਰ ਬਹੁਜਨ ਸਮਾਜ ਪਾਰਟੀ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਦੂਸਰੀਆਂ ਪਾਰਟੀਆਂ ਦੇ ਲੋਕ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਏ ਇਸ ਮੀਟਿੰਗ ਵਿੱਚ ਵਿਸੇਸ ਤੌਰ ਤੇ ਪਹੁੰਚੇ ਪਰਗਟ ਸੰਧੂ ਵਾਈਸ ਪ੍ਰਧਾਨ ਬਹੁਜਨ ਸਮਾਜ ਪਾਰਟੀ ਜਿਲਾ ਕਪੂਰਥਲਾ ਇਸ ਮੀਟਿੰਗ ਦੀ ਪ੍ਰਧਾਨਗੀ ਹਲਕਾ ਇੰਚਾਰਜ ਜਗਤਾਰ ਸਿੰਘ ਬਿੱਟੂ ਨੇ ਕੀਤੀ ਪਿੰਡ ਡੋਗਰਾਂਵਾਲ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਿਲ ਹੋਏ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਪਾਰਟੀ ਅੰਦਰ ਹਰੇਕ ਇਨਸਾਨ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

## ਪਿੰਡ ਮਾਨਾ ਹਲਕਾ ਚੱਬੇਵਾਲ ਦੇ ਨੌਜਵਾਨਾਂ ਨੇ ਕਬੂਤਰਬਾਜ਼ੀ ਦਾ ਮੁਕਾਬਲਾ ਕਰਵਾਇਆ -ਐਡਵੋਕੇਟ ਮਾਨਾ

**ਚੱਬੇਵਾਲ( ਚਰਨਜੀਤ ਸੱਲ੍ਹਾ )** ਕੱਲ ਮਿਤੀ 12-05-2026 ਨੂੰ ਪਿੰਡ ਮਾਨਾ ਹਲਕਾ ਚੱਬੇਵਾਲ ਦੇ ਨੌਜਵਾਨਾਂ ਨੇ ਤੀਸਰਾ ਕਬੂਤਰਬਾਜ਼ੀ ਮੁਕਾਬਲਾ ਕਰਵਾਇਆ ਗਿਆ, ਇਸ ਮੌਕੇ ਐਡਵਕੇਟ ਪਲਵਿੰਦਰ ਮਾਨਾ ਜੀ ਇੰਚਾਰਜ ਬਸਪਾ ਹਲਕਾ ਚੱਬੇਵਾਲ, ਉਨ੍ਹਾਂ ਦੇ ਨਾਲ ਠੇਕੇਦਾਰ ਬਲਬੀਰ ਸਿੰਘ ਜੀ, ਸੂਬੇਦਾਰ ਹਰਭਜਨ ਸਿੰਘ ਜੀ ਅਤੇ ਲੰਬਰਦਾਰ ਬਲਵਿੰਦਰ ਸਿੰਘ ਜੀ ਵਿਸ਼ੇਸ਼ ਤੌਰ ਪੁਹੰਚੇ ਅਤੇ ਐਡਵੋਕੇਟ ਪਲਵਿੰਦਰ ਮਾਨਾ ਜੀ ਅਤੇ ਸਾਰੇ ਮੋਹਤਵਾਰ ਸਾਥੀਆ ਨੇ ਅੱਵਲ ਆਏ ਖਿਡਾਰੀਆ ਨੂੰ ਨਗਦ ਇਨਾਮ ਅਤੇ ਟਰਾਫੀਆਂ ਤਕਸੀਮ ਕੀਤੀਆਂ । ਮੁਕਾਬਲੇ ਦੌਰਾਨ ਬਾਹਰੋ ਆਏ ਨੌਜਵਾਨਾ ਵਾਸਤੇ ਕਮੇਟੀ ਵਲੋਂ ਚਾਹ ਅਤੇ ਦੁਪਹਿਰ ਦਾ ਲੰਗਰ ਲਗਾਇਆ ਗਿਆ ੀ ਇਸ



ਮੌਕੇ ਇਨਾਮ ਤਕਸੀਮ ਕਰਨ ਦੌਰਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਨੌਜਵਾਨਾਂ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਨਾਲ ਜੁੜਨ ਦਾ ਸੱਦਾ ਦਿੱਤਾ ਅਤੇ ਬਸਪਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ । ਆਏ ਹੋਏ ਮਹਿਮਾਨਾਂ ਨੇ ਬਾਹਰੋ ਆਏ ਨੌਜਵਾਨਾ ਦਾ ਧੰਨਵਾਦ ਕੀਤਾ । ਪਰੋਗ੍ਰਮ / ਮੁਕਾਬਲੇ ਦੀ ਅਗਵਾਈ ਅਭਿਸ਼ੇਕ ਕੁਮਾਰ, ਜਗਦੀਪ ਕੁਮਾਰ ਅਤੇ ਰਾਜ ਕੁਮਾਰ ਨੇ ਕੀਤੀ ੀ ਇਸ ਮੌਕੇ ਹਾਜਰ ਮੋਹਤਵਾਰ ਅਤੇ ਬਾਕੀ ਸਾਥੀਆ ਵਿਚ ਬਾਬੂ ਰੌਸ਼ਨ ਲਾਲ ਜੀ ਬਸਪਾ ਆਗੁ, ਸਤੀਸ਼ ਕੁਮਾਰ ਸਾਬਕਾ ਸਰਪੰਚ, ਪਰਦੀਪ ਕੁਮਾਰ ਬਸਪਾ ਆਗੁ, ਜਸਬੀਰ ਸਿੰਘ ਬੰਗੜ, ਹਰਮੇਸ਼ ਲਾਲ ਜੀ, ਤਰਸੇਮ ਲਾਲ, ਮੋਹਨ ਲਾਲ, ਤੇਜਪਾਲ, ਸਮੀਰ ਮਾਨਾ ਸੌਰਵ ਹੀਰ, ਸਾਗਰ, ਕਸਤੂਰੀ ਲਾਲ , ਚਮਨ ਲਾਲ, ਜਤਿੰਦਰ ਅਤੇ ਹੋਰ ਵੀ ਵੱਡੀ ਗਿਣਤੀ ਵਿਚ ਨੌਜਵਾਨ ਸਾਥੀ ਹਾਜਰ ਸਨ।

# ਸਟਾਫ਼ ਨਰਸਾਂ ਸਿਹਤ ਵਿਭਾਗ ਦੀ ਰੀੜ੍ਹ ਦੀ ਹੱਡੀ - ਸਿਵਲ ਸਰਜਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੀ ਅਗਵਾਈ ਹੇਠ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਟ੍ਰੇਨਿੰਗ ਸਕੂਲ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਅੰਤਰਰਾਸ਼ਟਰੀ ਨਰਸਿੰਗ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਨਰਸਿੰਗ ਪੇਸ਼ੇ ਨਾਲ ਜੁੜੇ ਸਿਹਤ ਕਰਮਚਾਰੀਆਂ ਦੀ ਨਿਸ਼ਕਾਮ ਸੇਵਾ, ਸਮਰਪਣ ਅਤੇ ਮਨੁੱਖਤਾ ਪ੍ਰਤੀ ਯੋਗਦਾਨ ਨੂੰ ਸਨਮਾਨਿਤ ਕਰਨਾ ਸੀ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਮਨਦੀਪ ਕਮਲ ਨੇ ਕਿਹਾ ਕਿ ਨਰਸਿੰਗ ਪੇਸ਼ਾ ਸਿਰਫ਼ ਇੱਕ ਨੌਕਰੀ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਦਾ ਸਭ ਤੋਂ ਉੱਚਾ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਨਰਸਾਂ ਸਿਹਤ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ, ਜੋ ਦਿਨ-ਰਾਤ ਮਰੀਜ਼ਾਂ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਨੇ ਨਰਸਿੰਗ



ਵਿਦਿਆਰਥਣਾਂ ਨੂੰ ਆਪਣੇ ਪੇਸ਼ੇ ਪ੍ਰਤੀ ਇਮਾਨਦਾਰੀ, ਸੇਵਾ ਭਾਵਨਾ ਅਤੇ ਸੰਵੇਦਨਸ਼ੀਲਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਅੱਗੇ ਕਿਹਾ ਕਿ ਸਿਹਤ ਵਿਭਾਗ ਪੰਜਾਬ ਵੱਲੋਂ ਨਰਸਿੰਗ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿਖਲਾਈ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਨਰਸਿੰਗ ਸਟਾਫ਼ ਅਤੇ ਵਿਦਿਆਰਥਣਾਂ ਦੀ ਕੋਵਿਡ ਮਹਾਂਮਾਰੀ ਸਮੇਤ ਵੱਖ-ਵੱਖ ਸਿਹਤ ਮੁਹਿੰਮਾਂ ਵਿੱਚ ਦਿੱਤੀਆਂ ਗਈਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਏ.ਐੱਨ.ਐੱਮ. ਟ੍ਰੇਨਿੰਗ ਸੈਂਟਰ ਦੀ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਰਸਿੰਗ ਪੇਸ਼ਾ ਮਨੁੱਖਤਾ ਦੀ ਸੇਵਾ ਦਾ ਸਭ ਤੋਂ ਉੱਚਾ ਅਤੇ ਸਤਿਕਾਰਯੋਗ ਪੇਸ਼ਾ ਹੈ। ਉਨ੍ਹਾਂ ਕਿਹਾ ਕਿ ਨਰਸਾਂ ਮਰੀਜ਼ਾਂ ਦੀ ਸੇਵਾ, ਦੇਖਭਾਲ ਅਤੇ ਹੌਸਲਾ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਨਰਸਿੰਗ ਵਿਦਿਆਰਥਣਾਂ ਨੂੰ ਆਪਣੇ ਫਰਜ਼ਾਂ ਨੂੰ ਇਮਾਨਦਾਰੀ, ਸਮਰਪਣ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਵਿਦਿਆਰਥਣਾਂ ਵੱਲੋਂ ਪੇਸ਼ ਕੀਤੇ ਗਏ ਭਾਸ਼ਨਾਂ, ਕਵਿਤਾਵਾਂ ਵਿੱਚ ਨਰਸਾਂ ਦੀ ਸਿਹਤ ਸੰਭਾਲ ਵਿੱਚ ਭੂਮਿਕਾ, ਮਰੀਜ਼ਾਂ ਪ੍ਰਤੀ ਸੇਵਾ ਭਾਵਨਾ ਅਤੇ ਐਮਰਜੈਂਸੀ ਹਾਲਾਤਾਂ ਵਿੱਚ ਉਨ੍ਹਾਂ ਦੀ ਮਹੱਤਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ। ਪ੍ਰੋਗਰਾਮ ਦੌਰਾਨ ਹਾਜ਼ਰ ਸਟਾਫ਼ ਅਤੇ ਮਹਿਮਾਨਾਂ ਨੇ ਵਿਦਿਆਰਥਣਾਂ ਦੀਆਂ ਪੇਸ਼ਕਾਰੀਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

# ਏ.ਡੀ.ਸੀ.ਨੇ ਨਵਾਂ ਸ਼ਹਿਰ, ਰਾਹੋਂ ਤੇ ਬੰਗਾਂ ਨਗਰ ਕੌਂਸਲਾਂ ਲਈ ਚੋਣ ਸਡਿਊਲ, ਨਾਮਜ਼ਦਗੀ ਪ੍ਰਕਿਰਿਆ ਅਤੇ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਦਿੱਤੀ ਰੂਪ ਰੇਖਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਟੇਟ ਚੋਣ ਕਮਿਸ਼ਨ ਪੰਜਾਬ ਦੀਆਂ ਹਦਾਇਤਾਂ ‘’ਤੇ 26 ਮਈ ਨੂੰ ਕਰਵਾਈਆਂ ਜਾ ਰਹੀਆਂ ਨਵਾਂ ਸ਼ਹਿਰ, ਰਾਹੋਂ ਤੇ ਬੰਗਾਂ ਨਗਰ ਕੌਂਸਲਾਂ ਨੂੰ ਸੁਚਾਰੂ ਤੇ ਨਿਰਵਿਘਨ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਤਿਆਰੀਆਂ ਆਰੰਭ ਦਿੱਤੀਆਂ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਨੇ ਦੱਸਿਆ ਕਿ ਨਗਰ ਕੌਂਸਲ ਨਵਾਂ ਸ਼ਹਿਰ ਦੀਆਂ 19, ਨਗਰ ਕੌਂਸਲ ਰਾਹੋਂ ਦੀਆਂ 13 ਵਾਰਾਂ ਅਤੇ ਨਗਰ ਕੌਂਸਲ ਬੰਗਾਂ ਦੀਆਂ 15 ਵਾਰਡਾਂ ਲਈ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਚੋਣਾਂ ਨਿਰਪੱਖ,ਸ਼ਾਂਤਮਈ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਚੋਣ ਸਡਿਊਲ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 13 ਮਈ ਤੋਂ 16 ਮਈ ਤੱਕ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਨਾਮਜ਼ਦ ਰਿਟਰਨਿੰਗ ਅਫ਼ਸਰਾਂ ਪਾਸ ਨਾਮਜ਼ਦਗੀਆਂ ਭਰੀਆਂ ਜਾ ਸਨਗੀਆਂ। ਨਾਮਜ਼ਦਗੀ ਪੇਪਰਾਂ ਦੀ ਪੜਤਾਲ 18 ਮਈ ਨੂੰ ਹੋਵੇਗੀ ਤੇ 19 ਮਈ ਨੂੰ



ਉਮੀਦਵਾਰ ਦੁਪਹਿਰ 3 ਵਜੇ ਤੱਕ ਨਾਮਜ਼ਦਗੀਆਂ ਵਾਪਸ ਲੈ ਸਕਣਗੇ। ਉਨ੍ਹਾਂ ਦੱਸਿਆ ਕਿ 26 ਮਈ ਨੂੰ ਵੋਟਾਂ ਸਵੇਰੇ 8 ਤੋਂ ਸ਼ਾਮ 5 ਵਜੇ ਤੱ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਨਿਰਧਾਰਿਤ ਗਿਣਤੀ ਕੇਂਦਰ ਉੱਤੇ 29 ਮਈ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਸਮੁੱਚੀ ਚੋਣ ਪ੍ਰਕਿਰਿਆ 1 ਜੂਨ 2026 ਨੂੰ ਮੁਕੰਮਲ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਐਸ.ਡੀ.ਐਮ.ਨਵਾਂ ਸ਼ਹਿਰ ਅਮਨਜੋਤ ਕੌਰ ਨੂੰ ਨਵਾਂ ਸ਼ਹਿਰ ਨਗਰ ਕੌਂਸਲ ਲਈ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ ਅਤੇ ਤਹਿਸੀਲਦਾਰ ਗੁਰਮੁੱਖ ਸਿੰਘ ਬਤੌਰ ਸਹਾਇਕ ਰਿਟਰਨਿੰਗ ਅਫ਼ਸਰ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਨਵਾਂ ਸ਼ਹਿਰ ਨਗਰ ਕੌਂਸਲ ਲਈ ਨਾਮਜ਼ਦਗੀਆਂ ਐਸ.ਡੀ.ਐਮ. ਦਫ਼ਤਰ ਨਵਾਂਸ਼ਹਿਰ ਵਿਖੇ ਲਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਐਸ.ਡੀ.ਐਮ. ਸੁਨੀਲ ਨੂੰ ਨਗਰ ਕੌਂਸਲ ਰਾਹੋਂ ਲਈ ਰਿਟਰਨਿੰਗ ਅਫ਼ਸਰ ਅਤੇ ਤਹਿਸੀਲਦਾਰਨਵਾਂ ਸ਼ਹਿਰ ਜਸਕਰਨ ਸਿੰਘ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਰਾਹੋਂ ਨਗਰ ਕੌਂਸਲ ਲਈ ਨਾਮਜ਼ਦਗੀਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਲੜਕੀਆਂ),ਰਾਹੋਂ ਵਿਖੇ ਪ੍ਰਾਪਤ ਕੀਤੀਆਂ ਜਾਣਗੀਆਂ। ਇਸੇ ਤਰ੍ਹਾਂ ਨਗਰ ਕੌਂਸਲ,ਬੰਗਾਂ ਲਈ ਐਸ.ਡੀ.ਐਮ.ਵਿਪਨ ਭੰਡਾਰੀ ਨੂੰ ਰਿਟਰਨਿੰਗ ਅਫ਼ਸਰ ਅਤੇ ਕਾਰਜਕਾਰੀ ਇੰਜੀਨੀਅਰ ਮੀਂ ਬੋਡ ਨਵਾਂ ਸ਼ਹਿਰ ਗੌਰਵ ਭੰਡਾਰੀ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਨਗਰ ਕੌਂਸਲ ਬੰਗਾ ਲਈ ਨਾਮਜ਼ਦਗੀਆਂ ਐਸ.ਡੀ. ਐਮ.ਦਫ਼ਤਰ ਬੰਗਾ ਵਿਖੇ ਪ੍ਰਾਪਤ ਕੀਤੀਆਂ ਜਾਣਗੀਆਂ।

# ਲਾਇਸੈਂਸੀ ਹਥਿਆਰਾਂ ਨੂੰ ਜਨਤਕ ਤੌਰ ’ਤੇ ਨਾਲ ਲਿਜਾਣ ’ਤੇ 30 ਮਈ ਤੱਕ ਪਾਬੰਦੀ - ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਰਾਜ ਵਿੱਚ ਹੋਣ ਵਾਲੀਆਂ ਮਿਉਂਸਿਪਲ ਚੋਣਾਂ-2026 ਦੇ ਮੱਦੇਨਜ਼ਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅਮਨ ਅਤੇ ਕਾਨੂੰਨ-ਵਿਵਸਥਾ ਬਣਾਈ ਰੱਖਣ ਦੇ ਉਦੇਸ਼ ਨਾਲ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਤਹਿਤ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੀ ਹੱਦ ਅੰਦਰ ਕਿਸੇ ਵੀ ਕਿਸਮ ਦੇ ਲਾਇਸੈਂਸੀ ਹਥਿਆਰ, ਵਿਸਫੋਟਕ ਸਮੱਗਰੀ, ਕਿਰਪਾਨ, ਕਿਰਚ, ਭਾਲੇ, ਟੋਕੇ, ਚਾਕੂ ਆਦਿ ਜਿਨ੍ਹਾਂ ਦਾ ਇਸਤੇਮਾਲ ਅਮਨ ਅਤੇ ਕਾਨੂੰਨ-ਵਿਵਸਥਾ ਭੰਗ ਕਰਨ ਲਈ ਕੀਤਾ ਜਾ ਸਕਦਾ ਹੈ, ਨੂੰ ਜਨਤਕ ਤੌਰ ’ਤੇ ਨਾਲ ਲਿਜਾਣ (ਕੈਰੀ ਕਰਨ) ’ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਹੁਕਮ 30 ਮਈ 2026 ਤੱਕ ਲਾਗੂ ਰਹਿਣਗੇ। ਜਾਰੀ ਹੁਕਮਾਂ ਅਨੁਸਾਰ ਇਹ ਪਾਬੰਦੀ ਆਰਮੀ ਕਰਮਚਾਰੀਆਂ, ਪੈਰਾ ਮਿਲਟਰੀ ਫੋਰਸ, ਪੁਲਿਸ ਕਰਮਚਾਰੀਆਂ, ਬੈਂਕ ਸੁਰੱਖਿਆ ਗਾਰਡਾਂ, ਫੈਕਟਰੀ ਸੁਰੱਖਿਆ ਗਾਰਡਾਂ, ਪੈਟਰੋਲ ਪੰਪ ਮਾਲਕਾਂ, ਮਨੀ ਐਕਸਚੇਂਜ ਸੰਚਾਲਕਾਂ, ਜੁਏਲ-ਰਜ਼ ਸ਼ੋਰੂਮ ਮਾਲਕਾਂ ਅਤੇ ਖੇਡ



ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਉਨ੍ਹਾਂ ਸ਼ੂਟਰਾਂ ’ਤੇ ਲਾਗੂ ਨਹੀਂ ਹੋਵੇਗੀ, ਜੋ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਮੈਂਬਰ ਹਨ। ਇਸ ਤੋਂ ਇਲਾਵਾ ਜੈੱਡ ਸ਼੍ਰੇਣੀ ਸੁਰੱਖਿਆ ਪ੍ਰਾਪਤ ਵਿਅਕਤੀਆਂ ਅਤੇ ਮਾਣਯੋਗ ਅਦਾਲਤ ਵੱਲੋਂ ਨਿੱਜੀ ਸੁਰੱਖਿਆ ਪ੍ਰਦਾਨ ਕੀਤੇ ਵਿਅਕਤੀਆਂ ਨੂੰ ਵੀ ਇਸ ਹੁਕਮ ਤੋਂ ਛੂਟ ਦਿੱਤੀ ਗਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਕਾਠਗੜ੍ਹ ਦਾ ਦਸਵੀਂ ਜਮਾਤ ਬੋਰਡ ਪ੍ਰੀਖਿਆ ਦਾ ਨਤੀਜਾ 100ਫੀਸਦੀ ਰਿਹਾ

**ਨਵਾਂਸ਼ਹਿਰ /ਕਾਠਗੜ੍ਹ 13 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਦਸਵੀਂ ਬੋਰਡ ਪ੍ਰੀਖਿਆ ਦੇ ਨਤੀਜਿਆਂ ਅਨੁਸਾਰ ਕਾਠਗੜ੍ਹ ਇਲਾਕੇ ਦੇ ਨਾਮਵਰ ਅਤੇ ਸਭ ਤੋਂ ਪੁਰਾਣੇ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਕਾਠਗੜ੍ਹ ਦਾ ਦਸਵੀਂ ਜਮਾਤ ਦਾ ਨਤੀਜਾ 100 ਫ਼ੀਸਦੀ



ਰਿਹਾ ਹੈ। ਇਸ ਸਬੰਧੀ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥਣ ਕੋਮਲ ਦੀਪ ਪੁੱਤਰੀ ਰਾਮ ਕੁਮਾਰ ਪਹਿਲੀ ਪੁਜੀਸ਼ਨ ਹਾਸਲ ਕੀਤੀ , ਆਰਤੀ ਪੁੱਤਰੀ ਰਾਜ ਕੁਮਾਰ ਨੇ ਦੂਸਰੀ ਪੁਜੀਸ਼ਨ ਹਾਸਲ ਕੀਤਾ ਹੈ ਅਤੇ ਗਗਨ ਪੁੱਤਰੀ ਹੁਸਨ ਲਾਲ ਨੇ ਤੀਸਰੀ ਪੁਜੀਸ਼ਨ ਪੁਜੀਸ਼ਨ ਹਾਸਲ ਕਰਕੇ ਸਕੂਲ ਅਤੇ ਸਮੂਹ ਸਟਾਫ ਦਾ ਨਾ ਉੱਚਾ ਕੀਤਾ ਹੈ। ਅਤੇ ਬਾਕੀ ਸਾਰੇ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਪਹਿਲੇ ਦਰਜੇ ਵਿੱਚ ਪਾਸ ਹੋਏ ਹਨ । ਇਸ ਵਧੀਆ ਨਤੀਜੇ ਦਾ ਸਿਹਰਾ ਸਕੂਲ ਦੀ ਪ੍ਰਬੰਧਕ ਕਮੇਟੀ, ਬੱਚਿਆਂ ਦੇ ਮਾਪਿਆਂ ਅਤੇ ਮਿਹਨਤੀ ਸਟਾਫ ਨੂੰ ਜਾਂਦਾ ਹੈ । ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸਕੂਲ ਦਾ ਬਾਰਵੀਂ ਜਮਾਤ ਦਾ ਨਤੀਜਾ ਵੀ ਸੌ ਫ਼ੀਸਦੀ ਹੀ ਹੋਵੇਗਾ।

# ਇਫਟੂ ਵਲੋਂ ਸਟੇਟ ਬੈਂਕ ਆਫ ਇੰਡੀਆ ਦੇ ਕਰਮਚਾਰੀਆਂ ਦੀ 25-26 ਮਈ ਦੀ ਹੜਤਾਲ ਦੇ ਸਮਰਥਨ ਦਾ ਐਲਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਇੰਡੀਅਨ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ (ਇਫਟੂ) ਨੇ ਸਟੇਟ ਬੈਂਕ ਆਫ਼ ਇੰਡੀਆ ਦੇ ਕਰਮਚਾਰੀਆਂ ਵੱਲੋਂ 25 ਅਤੇ 26 ਮਈ ਨੂੰ ਕੀਤੀ ਜਾ ਰਹੀ ਦੇਸ਼-ਵਿਆਪੀ ਹੜਤਾਲ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਦੀ ਜਾਣਕਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਦਿੰਦੇ ਹੋਏ ਦੱਸਿਆ ਕਿ ਹੜਤਾਲ ਬੈਂਕ ਕਰਮਚਾਰੀਆਂ ਦੀਆਂ ਬੁਨਿਆਦੀ, ਨਿਆਂਪੂਰਕ ਅਤੇ ਲੰਮੇ ਸਮੇਂ ਤੋਂ ਲਟਕੀਆਂ ਮੰਗਾਂ ਲਈ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਪ੍ਰਬੰਧਕਾਂ ਅਤੇ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤਾ ਜਾਂਦਾ ਆ ਰਿਹਾ ਹੈ। ਇਫਟੂ ਦਾ ਮੱਤ ਹੈ ਕਿ ਐਸ ਬੀ ਆਈ ਕਰਮਚਾਰੀਆਂ ਦੀਆਂ 16-ਸੂਤਰੀ ਮੰਗਾਂ ਸਿਰਫ਼ ਉਨ੍ਹਾਂ ਦੇ ਹੱਕਾਂ ਨਾਲ ਹੀ ਨਹੀਂ, ਸਗੋਂ ਦੇਸ਼ ਦੇ ਸਰਕਾਰੀ ਬੈਂਕਿੰਗ ਸਿਸਟਮ ਦੀ ਮਜ਼ਬੂਤੀ ਅਤੇ ਲੋਕ-ਹਿਤੀ ਬੈਂਕਿੰਗ ਨਾਲ ਵੀ ਜੁੜੀਆਂ ਹੋਈਆਂ ਹਨ। ਸਟਾਫ਼ ਦੀ ਘਾਟ, ਆਊਟਸੋਰਸਿੰਗ, ਠੇਕੇਦਾਰੀ ਪ੍ਰਣਾਲੀ, ਬੇਹਿਸਾਬ ਕੰਮ ਦਾ ਦਬਾਅ ਅਤੇ ਨੌਕਰੀ ਦੀ ਅਸੁਰੱਖਿਆ ਨੇ ਬੈਂਕ ਕਰਮਚਾਰੀਆਂ ਦੀ ਕੰਮਕਾਜੀ ਜ਼ਿੰਦਗੀ ਨੂੰ ਅਸਹਿਣਸ਼ੀਲ ਬਣਾ ਦਿੱਤਾ ਹੈ, ਜਿਸਦਾ ਸਿੱਧਾ ਪ੍ਰਭਾਵ ਗਾਹਕ ਸੇਵਾਵਾਂ 'ਤੇ ਵੀ ਪੈ ਰਿਹਾ ਹੈ। ਇਫਟੂ ਵਿਸ਼ੇਸ਼ ਤੌਰ 'ਤੇ ਸਥਾਈ ਕੰਮਾਂ ਦੀ ਔਟਸੋਰਸਿੰਗ ਖ਼ਿਲਾਫ਼ ਕਰਮਚਾਰੀਆਂ ਦੀ ਮੰਗ ਦਾ ਸਮਰਥਨ ਕਰਦੀ ਹੈ। ਸਰਕਾਰੀ ਖੇਤਰ ਦੇ ਬੈਂਕਾਂ ਵਿੱਚ ਠੇਕੇਦਾਰੀ ਰੁਜ਼ਗਾਰ ਨੂੰ ਵਧਾਵਾ ਦੇਣਾ ਨੌਕਰੀ ਦੀ ਸੁਰੱਖਿਆ, ਸੇਵਾ ਦੀ ਗੁਣਵੱਤਾ ਅਤੇ ਮਜ਼ਦੂਰ ਹੱਕਾਂ 'ਤੇ ਸਿੱਧਾ ਹਮਲਾ ਹੈ। ਇਸੇ ਤਰ੍ਹਾਂ, ਐੱਨ ਪੀ ਐੱਸ ਹੇਠ ਕਰਮਚਾਰੀਆਂ ਲਈ ਪੈਨਸ਼ਨ ਸੁਰੱਖਿਆ, ਪੈਨਸ਼ਨ ਫੰਡ ਮੈਨੇਜਰ ਚੁਣਨ ਦਾ ਅਧਿਕਾਰ ਅਤੇ ਪੁਰਾਣੀ ਪੈਨਸ਼ਨ ਸਕੀਮ ਨਾਲ ਬਰਾਬਰੀ ਦੀ ਮੰਗ ਪੂਰੀ ਤਰ੍ਹਾਂ ਵਾਜਬ ਹੈ। ਉਹਨਾਂ ਕਿਹਾ ਕਿ ਇਫਟੂ ਬੈਂਕ ਕਰਮਚਾਰੀਆਂ 'ਤੇ ਥੋਪੀ ਜਾ ਰਹੀ ਗਲਤ ਕ੍ਰਾਸ-ਸੈਲਿੰਗ ਅਤੇ ਮਿਸ-ਸੈਲਿੰਗ ਦੇ ਦਬਾਅ ਦੀ ਤਿੱਖੀ ਨਿੰਦਾ ਕਰਦੀ ਹੈ। ਬੈਂਕ ਕਰਮਚਾਰੀਆਂ ਨੂੰ ਵਿਕਰੇਤਾ ਬਣਾਉਣਾ ਸਰਕਾਰੀ ਬੈਂਕਾਂ ਦੇ ਸਮਾਜਕ ਕਿਰਦਾਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਨਾਲ ਹੀ, ਵਰਕਮੈਨ ਅਤੇ ਅਫਸਰਾਂ ਵਿਚਕਾਰ ਤਨਖਾਹ ਅਸਮਾਨਤਾ, ਕੈਰੀਅਰ ਤਰੱਕੀ ਵਿੱਚ ਰੁਕਾਵਟਾਂ ਅਤੇ ਮੈਡੀਕਲ ਤੇ ਰਿਟਾਇਰਮੈਂਟ ਲਾਭਾਂ ਨਾਲ ਜੁੜੇ ਮਸਲਿਆਂ ਦਾ ਤੁਰੰਤ ਹੱਲ ਲੋੜੀਂਦਾ ਹੈ। ਇਫਟੂ ਮੰਗ ਕੀਤੀ ਕਿ ਸਟੇਟ ਬੈਂਕ ਆਫ ਇੰਡੀਆ ਪ੍ਰਬੰਧਨ ਅਤੇ ਕੇਂਦਰ ਸਰਕਾਰ ਬੈਂਕ ਕਰਮਚਾਰੀਆਂ ਨਾਲ ਤੁਰੰਤ ਗੰਭੀਰ ਅਤੇ ਅਰਥਪੂਰਨ ਗੱਲਬਾਤ ਸ਼ੁਰੂ ਕਰਨ ਅਤੇ ਉਨ੍ਹਾਂ ਦੀਆਂ 16-ਸੂਤਰੀ ਮੰਗਾਂ ਨੂੰ ਬਿਨਾਂ ਦੇਰੀ ਮੰਨਿਆ ਜਾਵੇ। ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਅਣਦੇਖਾ ਕਰਨਾ ਟਕਰਾਅ ਨੂੰ ਹੋਰ ਤੇਜ਼ ਕਰੇਗਾ, ਜਿਸਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਬੈਂਕ ਪ੍ਰਬੰਧਕਾਂ ਦੀ ਹੋਵੇਗੀ।



# ਜਮਹੂਰੀ ਅਧਿਕਾਰ ਸਭਾ ਸੰਗਰੂਰ ਨੇ ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤ ਲਾਜ਼ਮੀ ਪੜ੍ਹਾਉਣ ਦੇ ਫੈਸਲੇ ਨੂੰ ਸਰਾਸਰ ਧੱਕੇਸ਼ਾਹੀ ਗਰਦਾਨਿਆ





**ਸੰਗਰੂਰ।** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਇਕਾਈ ਸੰਗਰੂਰ ਦੇ ਪ੍ਰਧਾਨ ਜਗਜੀਤ ਭੂਟਾਲ,ਜਰਨਲ ਸਕੱਤਰ ਕੁਲਦੀਪ ਸਿੰਘ , ਵਿੱਤ ਸਕੱਤਰ ਮਨਧੀਰ ਰਾਜੋਮਾਜਰਾ, ਸੂਬਾ ਆਗੂ ਵੈਸਾਖ ਸਿੰਘ, ਸਵਰਨਜੀਤ ਸਿੰਘ, ਬਸੈਸਰ ਰਾਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤੀ ਦੀ ਪੜ੍ਹਾਈ ਲਾਜ਼ਮੀ ਕਰਨ ਦੇ ਫੈਸਲੇ ਦਾ ਜਮਹੂਰੀ ਅਧਿਕਾਰ ਸਭਾ ਨੇ ਸਖਤ ਨੋਟਿਸ ਲੈਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ ਕਿਉਂਕਿ ਇਸ ਫੈਸਲੇ ਨੇ ਸਕੂਲਾਂ ਵਿੱਚ ਖੇਤਰੀ ਭਾਸ਼ਾ ਲਾਜ਼ਮੀ ਪੜ੍ਹਾਉਣ ਸਬੰਧੀ ਜਾਰੀ ਸਿਫਾਰਸ਼ਾਂ ਨੂੰ ਦਰਨਿਕਾਰ ਕਰਕੇ ਪੰਜਾਬੀ ਭਾਸ਼ਾ ਨੂੰ ਚੌਥੀ ਐਡੀਸ਼ਨਲ ਭਾਸ਼ਾ ਬਣਾ ਦਿੱਤਾ ਗਿਆ ਹੈ। ਫੈਸਲੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ 9ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਵਿਚ ਰਜਿਸਟ੍ਰੇਸ਼ਨ ਤਾਂ ਕਰਵਾ ਸਕਦੇ ਹਨ ਪਰ ਸਕੂਲ ਉਨ੍ਹਾਂ ਲਈ ਕੋਈ ਅਧਿਆਪਕ ਮੁਹੱਈਆ ਨਹੀਂ ਕਰਵਾਏਗਾ। ਇਸ ਤੋਂ ਇਲਾਵਾ ਤਿੰਨ-ਤਿੰਨ ਕਨੂੰਨ ਹੋਣ ਦੇ ਬਾਵਜੂਦ,ਕਾਨਵੈਂਟ ਸਕੂਲਾਂ,ਆਰਮੀ ਸਕੂਲਾਂ ਅਤੇ ਪੰਜਾਬ ਯੂਨੀਵਰਸਿਟੀ ਵਿਚ ਮਾਂ ਬੋਲੀ ਪੰਜਾਬੀ ਦਾ ਘਾਣ ਕੀਤਾ ਜਾ ਰਿਹਾ ਹੈ ਲ ਗੱਲ ਸਹੇ ਦੀ ਨਾ ਹੋ ਕੇ ਪਹੇ ਦੀ ਵੀ ਹੈ ਲ ਦੁਨੀਆ ਦਾ ਹਰ ਭਾਸ਼ਾ ਵਿਗਿਆਨੀ ਕਹਿੰਦਾ ਹੈ ਕਿ ਜਿਸ ਧਰਤੀ ਦੀ ਜਿਹੜੀ ਭਾਸ਼ਾ ਹੁੰਦੀ ਹੈ, ਉਸ ਧਰਤੀ ਦੇ ਲੋਕ ਉਸੇ ਭਾਸ਼ਾ ਨੂੰ ਮਾਧਿਅਮ ਦੇ ਤੌਰ ਤੇ ਚੁਣਨ ਅਤੇ ਉਸੇ ਭਾਸ਼ਾ ਵਿਚ ਆਪਣੀ ਸਾਰੀ ਪੜ੍ਹਾਈ ਪੜ੍ਹਨ ਲ ਪਰ ਹੁਕਮਰਾਨਾਂ ਨੂੰ ਇਹ ਰਾਸ ਨਹੀਂ ਆਉਂਦੀ। ਮਾਤਭਾਸ਼ਾ ਨੂੰ ਲੋਕਾਂ ਦੇ ਸਿੱਖਣ ਦੀ ਜ਼ਬਾਨ ਬਣਾ ਲਿਆ ਜਾਵੇ ਤਾਂ ਲੋਕ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਡੂੰਘੀਆਂ ਚਲੀਆਂ ਜਾਣਗੀਆਂ ਅਤੇ ਉਹਨਾਂ ਨੂੰ ਕੋਈ ਹਨੇਰੀ ਹਿਲਾ ਨਹੀਂ ਸਕਦੀ ਲ ਪਰ ਸੱਤਾ ਨੇ ਓਪਰੀਆਂ ਜ਼ਬਾਨਾਂ ਥੋਪ ਕੇ ਇਕ ਅਜਿਹੀ ਨਸਲ ਪੈਦਾ ਕਰਨੀ ਹੁੰਦੀ ਹੈ ਜਿਸ ਦੀ ਕਦੇ ਵੀ ਉਸ ਮਿੱਟੀ ਨਾਲ ਸਾਂਝ ਨਹੀਂ ਜੁੜਦੀ। ਇਹ ਨਸਲ ਉਸ ਧਰਤੀ ਲਈ ਨਾ ਕਦੇ ਲੜਦੀ ਹੈ ਅਤੇ ਨਾ ਹੀ ਉਸ ਧਰਤੀ ਪ੍ਰਤੀ ਉਹਨਾਂ ਦੇ ਮਨ ਵਿਚ ਕਦੇ ਹੇਜ ਪੈਦਾ ਹੁੰਦਾ ਹੈ ਲ ਇਥੇ ਪਹਿਲਾਂ ਕਾਨਵੈਂਟ ਸਕੂਲਾਂ ਵਿਚ ਗ਼ੈਰ ਪੰਜਾਬੀ ਮਹੌਲ ਵਿਚ ਪੰਜਾਬੀ ਤੋਂ ਸੱਖਣੀ ਨਸਲ ਪੈਦਾ ਕੀਤੀ ਜਾਂਦੀ ਅਤੇ ਉਹਨਾਂ ਤੋਂ ਉਸ ਧਰਤੀ ਦੀ ਸ਼ਬਦਵਾਲੀ, ਵਿਰਾਸਤੀ ਅਤੇ ਸੱਭਿਆਚਾਰਕ ਸ਼ਬਦ, ਰਿਸ਼ਤੇ ਨਾਤਿਆਂ ਦੀ ਜ਼ਬਾਨ ਅਤੇ ਸਥਾਨਕ ਆਰਥਿਕਤਾ ਨਾਲ ਸਬੰਧਤ ਚੀਜ਼ਾਂ ਨੂੰ ਪੇਸ਼ ਕਰਨ ਵਾਲੀ ਭਾਸ਼ਾ ਖੋਹ ਲਈ ਜਾਂਦੀ ਹੈ ਲ ਪੰਜਾਬ ਵਿਚ ਪਹਿਲਾਂ ਰਾਜ ਭਾਸ਼ਾ ਐਕਟ ਬਣਿਆ, ਫਿਰ ਪੰਜਾਬ ਵਿਧਾਨ ਸਭਾ ਵਿਚ 'ਪੰਜਾਬੀ ਐਂਡ ਅਦਰ ਲੈਂਗਵੇਜਿਜ਼ ਐਜੂਕੇਸ਼ਨ ਐਕਟ' ਬਣਾਇਆ ਜਿਸ ਦੇ ਤਹਿਤ ਰਾਜ ਦੇ ਸਾਰੇ ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਨੂੰ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਵਿਸ਼ਾ ਬਣਾਇਆ ਗਿਆ ਹੈ।

ਸਭਾ ਨੇ ਇਸ ਫੈਸਲਾ ਨੂੰ ਨਾ ਸਿਰਫ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਕਰਾਰ ਦਿੱਤਾ ਹੈ,ਬਲਕਿ ਨੈਸ਼ਨਲ ਕਰਿਕੁਲਮ ਫ੍ਰੇਮਵਰਕ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਦੱਸਿਆ ਹੈ ਲ ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ। ਪੰਜਾਬ ਦੇ ਭਾਸ਼ਾ ਕਾਨੂੰਨ-2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ,ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਜਾਰੀ ਸਰਕੂਲਰ ਵਿੱਚ ਪੰਜਾਬੀ ਨੂੰ ਇੱਕ ਅਤਿਰਿਕਤ ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ,ਮਨੋਵਿਗਿਆਨਕ ਆਜ਼ਾਦੀ ਅਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਟਕਰਾਅ ਹੈ। ਬੱਚਿਆਂ ਲਈ ਲੱਚਕਦਾਰ ਕੁਰੀਕੁਲਮ ਅਤੇ ਮਾਤ ਭਾਸ਼ਾ ਅਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਬਣਦਾ ਹੈ,ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਕਰਨ ਆਜ਼ਾਦੀ ਦੇਣੀ ਚਾਹੀਦੀ ਹੈ। ਪਰ ਇਥੇ ਅਜਿਹੀ ਭਾਵਨਾ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਹੁਣ ਨਾ ਸਿਰਫ ਛੇਵੀਂ ਜਮਾਤ ਤੌਂ ਸਗੋਂ ਇਸ ਵਾਰ ਨੌਵੀਂ ਦਸਵੀਂ ਜਮਾਤ ਵਿੱਚ ਵੀ ਪੰਜਾਬੀ ਦੀ ਪੜ੍ਹਾਈ ਬੰਦ ਕਰ ਦਿੱਤੀ ਗਈ ਹੈ। ਜਮਹੂਰੀ ਅਧਿਕਾਰ ਸਭਾ ਨੇ ਪੁਰਜ਼ੋਰ ਮੰਗ ਕੀਤੀ ਕਿ ਸਕੂਲੀ ਬੱਚਿਆਂ ਦੇ ਭਵਿੱਖ ਦਾ ਖਿਆਲ ਰੱਖਦੇ ਹੋਏ ਐਜੂਕੇਸ਼ਨ ਸੁਸਾਇਟੀ ਨੂੰ ਚਾਹੀਦਾ ਹੈ ਕਿ ਉਹ ਇਹ ਫੈਸਲਾ ਤੁਰੰਤ ਵਾਪਸ ਲਵੇ ਕਿਉਂਕਿ ਉਹ ਵਿਦਿਆਰਥੀ ਪੰਜਾਬ ਵਿੱਚ ਨੌਕਰੀ ਕਰਨ ਦੇ ਤਾਂ ਹੀ ਯੋਗ ਹੋ ਸਕਣਗੇ ਜੇਕਰ ਉਹਨਾਂ ਨੇ ਦਸਵੀਂ ਜਮਾਤ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹੀ ਹੋਵੇਗੀ।

**ਜਗਜੀਤ ਭੂਟਾਲ ਪ੍ਰਧਾਨ**
**9872071050**

for more news visit:
www.samajweekly.com

# ਸਿੱਖਿਆ ਦਾ ਚਾਨਣ-ਮੁਨਾਰਾ: ਸ. ਬਲਵਿੰਦਰ ਸਿੰਘ ਲੱਧੂਵਾਸ

ਸਿੱਖਿਆ ਮਹਿਜ਼ ਅੱਖਰੀਂ ਗਿਆਨ ਦਾ ਪਾਸਾਰ ਨਹੀਂ, ਸਗੋਂ ਇਹ ਮਨੁੱਖੀ ਚੇਤਨਾ ਨੂੰ ਜਗਾਉਣ ਅਤੇ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਤਰਾਸ਼ਣ ਵਾਲਾ ਇੱਕ ਮੁਕੱਦਸ ਕਾਰਜ ਹੈ। ਇਸੇ ਪਵਿੱਤਰ ਕਾਰਜ ਨੂੰ ਆਪਣੀ ਜੀਵਨ-ਜਾਚ ਬਣਾਉਣ ਵਾਲੀਆਂ ਮਹਾਨ ਸ਼ਖ਼ਸੀਅਤਾਂ ਵਿੱਚੋਂ ਸਰਕਾਰੀ ਸੈਕੰਡਰੀ ਸਕੂਲ ਝੰਡੂਕੇ (ਮਾਨਸਾ) ਦੇ ਸਕੂਲ ਮੁਖੀ ਸ. ਬਲਵਿੰਦਰ ਸਿੰਘ ਲੱਧੂਵਾਸ ਦਾ ਨਾਮ ਬੜੇ ਹੀ ਅਦਬ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਸਿੱਖਿਆ ਵਿਭਾਗ ਵਿੱਚ ਆਪਣੀ ਚਾਰ ਦਹਾਕਿਆਂ ਦੀ ਬੇਦਾਗ਼, ਨਿਸ਼ਕਾਮ ਅਤੇ ਸਮਰਪਿਤ ਸੇਵਾ ਸਦਕਾ ਉਨ੍ਹਾਂ ਨੇ ਸਮਾਜ ਸਾਹਮਣੇ ਇੱਕ ਅਦੁੱਤੀ ਮਿਸਾਲ ਪੇਸ਼ ਕੀਤੀ ਹੈ।

ਪਦਉੱਨਤੀ ਉਪਰੰਤ ਜਦੋਂ ਸਾਲ 2012 ਵਿੱਚ ਉਨ੍ਹਾਂ ਨੇ ਇਸ ਸਕੂਲ ਦੀ ਵਾਗਡੋਰ ਸੰਭਾਲੀ, ਤਾਂ ਹਾਲਾਤ ਬੇਹੱਦ ਨਿਰਾਸ਼ਾਜਨਕ ਸਨ—ਡਿੱਗਣ ਕਿਨਾਰੇ ਪਹੁੰਚੀ ਇਮਾਰਤ, ਮਾੜੇ ਨਤੀਜੇ ਅਤੇ ਅਧਿਆਪਕਾਂ ਦੀ ਇਸ ਸਕੂਲ ਪ੍ਰਤੀ ਬੇਰੁਖ਼ੀ ਕਿਸੇ ਵੀ ਆਮ ਇਨਸਾਨ ਦਾ ਹੌਸਲਾ ਤੋੜਨ ਲਈ ਕਾਫ਼ੀ ਸਨ। ਅਜਿਹੇ ਸਮੇਂ ਇਸ ਸੰਸਥਾ ਦੀ ਜ਼ਿੰਮੇਵਾਰੀ ਸੰਭਾਲਣਾ ਸੱਚਮੁੱਚ ਬਲਦੀ ਵਿੱਚ ਹੱਥ ਪਾਉਣ ਵਰਗਾ ਸੀ। ਪਰ ਸ. ਬਲਵਿੰਦਰ ਸਿੰਘ ਨੇ ਇਸ ਚੁਣੌਤੀ ਨੂੰ ਭਾਰ ਨਹੀਂ, ਫਰਜ਼ ਸਮਝ ਕੇ ਕਬੂਲਿਆ।

ਆਪਣੀ ਦੂਰਅੰਦੇਸ਼ੀ ਨਾਲ ਉਨ੍ਹਾਂ ਨੇ ਪੁਰਾਣੀ ਇਮਾਰਤ ਨੂੰ ਅਸੁਰੱਖਿਅਤ ਐਲਾਨ ਕਰਵਾ ਕੇ ਨਵੀਂ ਇਮਾਰਤ ਦੀ ਨੀਂਹ ਰੱਖੀ। ਇੰਨਾ ਹੀ ਨਹੀਂ, ਉਨ੍ਹਾਂ ਨੇ ਸਕੂਲ ਵਿੱਚ ਇੱਕ ਅਜਿਹੀ ਸ਼ਾਨਦਾਰ ਲਾਈਬ੍ਰੇਰੀ ਦਾ ਨਿਰਮਾਣ ਕਰਵਾਇਆ ਜੋ ਉਸ ਵਕਤ ਮਾਨਸਾ ਜ਼ਿਲ੍ਹੇ ਦੀਆਂ ਸਭ ਤੋਂ ਸੁੰਦਰ ਲਾਈਬ੍ਰੇਰੀਆਂ ਦੇ ਵਿੱਚ ਸ਼ੁਮਾਰ ਹੋਈ; ਜੋ ਉਨ੍ਹਾਂ ਦੇ ਇਸ ਵਿਸ਼ਵਾਸ ਦਾ ਪ੍ਰਤੀਕ ਹੈ ਕਿ ਕਿਤਾਬਾਂ ਹੀ ਮਨੁੱਖੀ ਬੌਧਿਕਤਾ ਦਾ ਅਸਲੀ ਤੀਰਥ ਹਨ।

ਸਕੂਲ ਨੂੰ ਇੱਕ ਪਰਿਵਾਰ ਸਮਝਦਿਆਂ, ਉਨ੍ਹਾਂ ਨੇ ਬੱਚਿਆਂ ਦੀਆਂ ਮੁੱਢਲੀਆਂ ਲੋੜਾਂ ਨੂੰ ਪਹਿਲ ਦਿੱਤੀ। ਉਸ ਸਮੇਂ ਬਿਜਲੀ ਦੇ ਲੰਮੇ ਕੱਟਾਂ ਦੇ ਸੰਕਟ ਦੇ ਹੱਲ ਲਈ ਉਨ੍ਹਾਂ ਨੇ ਪਿੰਡ ਦੇ ਮੋਹਤਵਾਰਾਂ ਨੂੰ ਨਾਲ ਜੋੜ ਕੇ ਅਤੇ ਆਪਣੀ ਜੇਬ ਵਿੱਚੋਂ ਵੱਡਾ ਹਿੱਸਾ ਪਾ ਕੇ ਡੇਢ ਲੱਖ ਰੁਪਏ ਦਾ ਜਨਰੇਟਰ ਲਗਵਾਇਆ। ਇਸੇ ਤਰ੍ਹਾਂ ਬੱਚਿਆਂ ਲਈ ਪੀਣ ਵਾਲੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਸ਼ੁੱਧ ਨਹਿਰੀ ਪਾਣੀ ਲਈ ਵਿਸ਼ਾਲ ਟੈਂਕੀ ਦਾ ਪ੍ਰਬੰਧ ਕੀਤਾ।



ਉਨ੍ਹਾਂ ਦੀ ਵਿਦਿਅਕ ਸੋਚ ਸਿਰਫ਼ ਜਮਾਤਾਂ ਦੀਆਂ ਬਰੂਹਾਂ ਤੱਕ ਸੀਮਤ ਨਹੀਂ ਸੀ। ਉਨ੍ਹਾਂ ਨੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਨਾਮਾਤਰ ਖਰਚੇ 'ਤੇ, ਜਿਸਦਾ ਬਹੁਤਾ ਆਰਥਿਕ ਬੋਝ ਉਹ ਖ਼ੁਦ ਚੁੱਕਦੇ ਸਨ, ਦਿੱਲੀ, ਆਗਰਾ, ਫਤਿਹਪੁਰ ਸੀਕਰੀ, ਜੈਪੁਰ, ਜੋਧਪੁਰ, ਜੈਸਲਮੇਰ ਅਤੇ ਮਾਊਂਟ ਆਬੂ ਵਰਗੇ ਇਤਿਹਾਸਕ ਤੇ ਸੱਭਿਆਚਾਰਕ ਸਥਾਨਾਂ ਦੇ ਵਿਦਿਅਕ ਟੂਰ ਕਰਵਾਏ ਤਾਂ ਜੋ ਬੱਚੀਆਂ ਦੀ ਸੋਚ ਨੂੰ ਇੱਕ ਵਿਸ਼ਾਲ ਅੰਬਰ ਮਿਲ ਸਕੇ।

ਉਨ੍ਹਾਂ ਦੇ ਇਸ ਅਥਾਹ ਸਮਰਪਣ ਪਿੱਛੇ ਉਨ੍ਹਾਂ ਦੇ ਪਿਤਾ, ਉੱਘੇ ਸਮਾਜ ਸੇਵੀ ਸ. ਦਰਬਾਰਾ ਸਿੰਘ ਨੰਬਰਦਾਰ ਦਾ ਅਮੀਰ ਵਿਰਸਾ ਝਲਕਦਾ ਹੈ। ਯੂਨੀਵਰਸਿਟੀ ਪੱਧਰ ਤੇ ਐਮ.ਏ. (ਅੰਗਰੇਜ਼ੀ ਅਤੇ ਰਾਜਨੀਤੀ ਸ਼ਾਸਤਰ) ਅਤੇ ਐਮ.ਐਡ. ਵਰਗੀਆਂ ਉੱਚ ਡਿਗਰੀਆਂ ਹਾਸਲ ਕਰਨ ਦੇ ਬਾਵਜੂਦ ਉਨ੍ਹਾਂ ਦੀ ਨਿਮਰਤਾ ਹੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਅਸਲੀ ਗਹਿਣਾ ਹੈ। ਉਨ੍ਹਾਂ ਦੀ ਸੁਚੱਜੀ ਅਗਵਾਈ ਹੇਠ ਸਕੂਲ ਨੇ ਲਗਾਤਾਰ ਸੌ ਫ਼ੀਸਦੀ ਨਤੀਜੇ ਦਿੱਤੇ ਅਤੇ ਖੇਡਾਂ ਦੇ ਖੇਤਰ ਵਿੱਚ, ਖ਼ਾਸ ਕਰਕੇ ਫੁੱਟਬਾਲ ਤੇ ਵਾਲੀਬਾਲ ਵਿੱਚ, ਵਿਦਿਆਰਥੀਆਂ ਨੇ ਕੌਮੀ ਪੱਧਰ 'ਤੇ ਮੱਲਾਂ ਮਾਰੀਆਂ, ਜੋ ਅੱਜ ਉੱਚ ਅਹੁਦਿਆਂ 'ਤੇ ਬਿਰਾਜਮਾਨ ਹਨ। ਉਹ ਹਰ ਹੋਣਹਾਰ ਵਿਦਿਆਰਥੀ ਦਾ ਨਿੱਜੀ ਤੌਰ 'ਤੇ ਸਨਮਾਨ ਕਰਕੇ ਉਸਦਾ ਹੌਸਲਾ ਵਧਾਉਣਾ ਆਪਣਾ ਧਰਮ ਸਮਝਦੇ ਹਨ। ਉਨ੍ਹਾਂ ਦਾ ਅਨੁਸ਼ਾਸਨ ਅਤੇ ਪਿਆਰ ਦਾ ਸੁਮੇਲ ਉਨ੍ਹਾਂ ਨੂੰ ਸਟਾਫ਼ ਅਤੇ ਵਿਦਿਆਰਥੀਆਂ ਦਾ ਹਰਮਨ ਪਿਆਰਾ ਮਾਰਗਦਰਸ਼ਕ ਬਣਾਉਂਦਾ ਹੈ।

ਸਕੂਲ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਸਭ ਤੋਂ ਭਾਵੁਕ ਪੱਖ ਸਾਲ 2024 ਵਿੱਚ ਸਾਹਮਣੇ ਆਇਆ, ਜਦੋਂ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਨਰਿੰਦਰ ਕੌਰ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਪੀੜਤ ਸਨ। ਇਹ ਸਮਾਂ ਕਿਸੇ ਵੀ ਮਨੁੱਖ ਲਈ ਅਤਿ ਕਠਿਨ ਹੁੰਦਾ ਹੈ, ਪਰ ਇਸ ਪਰਿਵਾਰਕ ਪੀੜਾ ਦੇ ਬਾਵਜੂਦ ਉਨ੍ਹਾਂ ਨੇ ਸਕੂਲ ਪ੍ਰਤੀ ਆਪਣਾ ਫਰਜ਼ ਨਹੀਂ ਛੱਡਿਆ। ਜੀਵਨ ਸਾਥਣ ਦੇ ਵਿਛੋੜੇ ਵਰਗਾ ਵੱਡਾ ਦੁੱਖ ਸਹਿਣ ਤੋਂ ਬਾਅਦ ਵੀ ਉਨ੍ਹਾਂ ਦੀ ਦ੍ਰਿੜਤਾ ਅਤੇ ਸਕੂਲ ਪ੍ਰਤੀ ਨਿਸ਼ਠਾ ਘੱਟ ਨਹੀਂ ਹੋਈ। ਇਹ ਗੱਲ ਉਨ੍ਹਾਂ ਦੇ ਸਮਰਪਣ ਨੂੰ ਹੋਰ ਵੀ ਉੱਚਾ ਕਰ ਦਿੰਦੀ ਹੈ।

ਸਕੂਲ ਵਿੱਚ ਚੈਕਿੰਗ, ਪ੍ਰੀਖਿਆ ਡਿਊਟੀਆਂ ਜਾਂ ਹੋਰ ਸਰਕਾਰੀ ਕਾਰਜਾਂ ਸਬੰਧੀ ਆਉਣ ਵਾਲੇ ਅਧਿਕਾਰੀ ਵੀ ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦੇ। ਸਟਾਫ ਮੈਂਬਰ ਅਕਸਰ ਉਨ੍ਹਾਂ ਨੂੰ ਸਟੇਟ ਐਵਾਰਡ ਲਈ ਅਪਲਾਈ ਕਰਨ ਦੀ ਸਲਾਹ ਦਿੰਦੇ ਹਨ, ਪਰ ਉਨ੍ਹਾਂ ਦਾ ਜਵਾਬ ਉਨ੍ਹਾਂ ਦੀ ਨਿਮਰਤਾ ਅਤੇ ਉੱਚੀ ਸੋਚ ਦਾ ਪ੍ਰਤੀਕ ਹੈ— "ਮੇਰਾ ਐਵਾਰਡ ਮੇਰਾ ਸਟਾਫ ਅਤੇ ਮੇਰੇ ਵਿਦਿਆਰਥੀ ਹਨ। ਇਹ ਸਕੂਲ ਮੇਰਾ ਇਸ਼ਟ ਹੈ। ਜੋ ਸੰਤੁਸ਼ਟੀ ਮੈਨੂੰ ਇੱਥੋਂ ਮਿਲਦੇ ਮਾਣ-ਸਤਿਕਾਰ ਨਾਲ ਮਿਲਦੀ ਹੈ, ਉਹ ਦੁਨੀਆ ਦੇ ਕਿਸੇ ਵੀ ਪੁਰਸਕਾਰ ਨਾਲ ਨਹੀਂ ਮਿਲ ਸਕਦੀ।"

ਅਸਲ ਵਿੱਚ, ਸ. ਬਲਵਿੰਦਰ ਸਿੰਘ ਲੱਧੂਵਾਸ ਵਰਗੇ ਰਹਿਨੁਮਾ ਹੀ ਸਰਕਾਰੀ ਸਕੂਲਾਂ ਦੀ ਧੜਕਣ ਹਨ। ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਪਵਿੱਤਰ ਨੀਅਤ ਅਤੇ ਸੱਚੀ ਲਗਨ ਨਾਲ ਬਰਬਾਦ ਹੋ ਚੁੱਕੇ ਅਦਾਰਿਆਂ ਨੂੰ ਵੀ ਰੁਸ਼ਨਾਇਆ ਜਾ ਸਕਦਾ ਹੈ, ਜਿਸ ਸਦਕਾ ਅੱਜ ਇਹ ਸਕੂਲ ਪੰਜਾਬ ਦੇ ਬਿਹਤਰੀਨ ਸਕੂਲਾਂ ਵਿੱਚ ਸ਼ੁਮਾਰ ਹੁੰਦਾ ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਕਰਮਯੋਗੀ ਹਮੇਸ਼ਾ ਤੰਦਰੁਸਤ ਅਤੇ ਚੜ੍ਹਦੀ ਕਲਾ ਵਿੱਚ ਰਹੇ ਤਾਂ ਜੋ ਰਾਸ਼ਟਰ-ਨਿਰਮਾਣ ਦਾ ਇਹ ਪਵਿੱਤਰ ਕਾਰਜ ਨਿਰੰਤਰ ਚੱਲਦਾ ਰਹੇ।



ਨਵਦੀਪ ਸਿੰਘ ਝੁਨੀਰ
Navdeep Jhuinr
+919876968193

# ਮਾਤਾ ਪੰਜਾਬ ਕੌਰ ਦੀ ਜੀਵਨੀ

ਸੱਤਵੇਂ ਗੁਰਾਂ ਦੀ ਨੂੰਹ ਸੀ ਮਾਤਾ ਪੰਜਾਬ ਕੌਰ।ਗੁਰੂ ਘਰ ਤੋਂ ਦੂਰ ਹੋਏ ਬਾਬਾ ਰਾਮ ਰਾਏ ਜੀ ਦਾ ਗੁਰੂ ਗੋਬਿੰਦ ਸਿੰਘ ਨਾਲ ਕਰਾਇਆ ਸੀ ਮਿਲਾਪ। ਮਾਤਾ ਜੀ ਦੇ ਜਨਮ ਦਿਹਾੜੇ, ਮੇਲਾ ਲੱਗਦਾ ਹੈ, ਨੰਗਲ ਅੰਬੀਆਂ (ਜਲੰਧਰ) ਵਿੱਚ ਵੈਸਾਖ। ਪੰਜਾਬ ਕੌਰ ਜਦੋਂ ਨੌਂ ਸਾਲ ਦੀ ਸੀ, ਬਾਬਾ ਰਾਮ ਰਾਏ ਜੀ ਦੇ ਚਾਰ ਸੇਵਕ ਉਨ੍ਹਾਂ ਦੀ ਖੂੰਡੀ ਅਤੇ ਰੁਮਾਲ ਲੈ ਕੇ ਪੰਜਾਬ ਕੌਰ ਦੇ ਮਾਪਿਆਂ ਕੋਲ ਉਨ੍ਹਾਂ ਦੇ ਵਿਆਹ ਦਾ ਸੁਨੇਹਾ ਲੈ ਕੇ ਆਏ। ਪੰਜਾਬ ਕੌਰ ਦੇ ਮਾਤਾ ਪਿਤਾ ਰਜ਼ਾਮੰਦ ਹੋ ਗਏ ਤੇ ਫੁਲੇ ਨਾ ਸਮਾਏ। ਕੁਝ ਸਮੇਂ ਬਾਅਦ ਪੰਜਾਬ ਕੌਰ ਜੀ ਦਾ ਡੋਲਾ ਨੂਰਪੁਰ ਚੱਠਿਆਂ, ਨਕੋਦਰ ਹੁੰਦਿਆ ਖੁਸ਼ਵੜਾ (ਡੇਹਰਾਦੂਨ) ਪਹੁੰਚਿਆ। ਜਿੱਥੇ ਪੰਜਾਬ ਕੌਰ ਦੇ ਮਾਪਿਆਂ ਨੇ ਜ਼ਮੀਨ ਖਰੀਦ ਕੇ ਆਪਣੀ ਧੀ ਲਈ ਘਰ ਬਣਵਾਇਆ। ਤੇ ਆਪਣੇ ਧੀ ਦੀ ਸ਼ਾਦੀ ਬੇਦੀ ਦੀਆਂ ਰਸਮਾਂ ਅਨੁਸਾਰ ਬਾਬਾ ਜੀ ਨਾਲ ਕੀਤੀ। ਪੰਜਾਬ ਕੌਰ ਉਦੋਂ 12 ਸਾਲ ਦੇ ਸਨ। ਬਾਬਾ ਰਾਮ ਰਾਏ ਜੀ ਨੇ ਆਪਣੇ ਸੇਵਕ ਹੱਥ ਤੀਰ, ਕਮਾਨ ਅਤੇ ਪਟਕਾ ਭੇਜ ਕੇ ਮਾਤਾ ਜੀ ਦੀ ਮਾਪਿਆਂ ਨੂੰ ਵਿਆਹ ਲਈ ਆਖਿਆ ਜਿਸ ਨੂੰ ਮਾਤਾ ਜੀ ਦੇ ਮਾਪਿਆਂ ਨੇ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਿਆ । ਇਹ ਤਿੰਨ ਵਸਤਾਂ, ਮਾਤਾ ਸੁਲੱਖਣੀ ਜੀ ਨੇ ਕੀਰਤਪੁਰ ਤੋਂ ਭੇਜੀਆਂ ਸਨ। ਮਾਤਾ ਪੰਜਾਬ ਕੌਰ ਦਾ ਜਨਮ ਦਿਹਾੜਾ,ਰਾਮਗੜ੍ਹੀਆ ਭਾਈਚਾਰਾ ਮਨਾਉਂਦਾ ਹੈ ਨਾਲ ਧੂਮਧਾਮ। ਬਾਬਾ ਰਾਮ ਰਾਏ ਜੀ ਦੇ ਚਾਰ ਪਤਨੀਆਂ ਸਨ, ਪੰਜਾਬ ਕੌਰ, ਰਾਜ ਕੌਰ, ਲਾਲ ਕੌਰ ਅਤੇ ਮਲੂਕੀ ਸਨ ਨਾਮ। ਔਰੰਗ- ਜੇਬ ਨੂੰ ਖੁਸ਼ ਕਰਨ ਲਈ, ਉਨ੍ਹਾਂ ਗੁਰਬਾਣੀ ਨਾਲ ਕੀਤੀ ਛੇੜ ਛਾੜ।



ਪਿਤਾ ਗੁਰੂ ਹਰਰਾਏ ਜੀ ਨੇ ਛੇਕਿਆ ਪੰਥ ਵਿੱਚੋਂ, ਨਾਲੇ ਪਾਈ ਝਾੜ। ਬਾਬਾ ਰਾਮ ਰਾਏ ਜੀ ਨੇ ਡੇਹਰਾਦੂਨ ਵਿੱਚ ਕੀਤਾ ਵਾਸਾ ਟੱਬਰ ਨਾਲ। ਪੰਜਾਬ ਕੌਰ ਕਰਦੀ ਸੀ ਡੇਰੇ ਦੀ ਸੰਭਾਲ।ਸਿਮਰਨ ਕਰਦਿਆਂ ਗੁਰਬਾਣੀ ਪੜ੍ਹਦਿਆਂ, ਭਗਤੀ ਵਿੱਚ ਰਹਿੰਦੇ ਸਨ ਲੀਨ। ਵਡੇਰੀ ਉਮਰ ਹੋਣ ਕਰਕੇ ਪੰਜਾਬ ਕੌਰ ਅਤੇ ਸੇਵਕ ਨੂੰ ਦਸਕੇ, ਸਤੰਬਰ 1687 ਵਿੱਚ, ਲੀਨ ਹੋ ਗਏ ਵਿੱਚ ਸਮਾਧੀ। ਈਰਖਾਲੂ ਮਹੰਤਾਂ ਨੇ ਜਾਣ ਬੁੱਝ ਕੇ, ਜਿਉਂਦਿਆਂ ਦੀ ਕਰ ਦਿੱਤੀ ਬਰਬਾਦੀ।ਮਾਤਾ ਪੰਜਾਬ ਕੌਰ ਦੀ ਇੱਕ ਨਾ ਸੁਣੀ, ਕਰ ਦਿੱਤਾ,ਧੱਕੇ ਨਾਲ ਦਾਹ ਸੰਸਕਾਰ। ਮਹੰਤਾਂ ਵਿੱਚ ਆ ਗਿਆ ਸੀ ਹੰਕਾਰ। ਮਾਤਾ ਜੀ ਦੁਖੀ ਹੋ ਕੇ, ਦਰਦ ਭਰੀ ਕਹਾਣੀ, ਚਿੱਠੀ ਲਿਖ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਣਾਈ। ਚਿੱਠੀ ਪੜ੍ਹ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਚਿੰਤਾ ਜਤਾਈ। ਡੇਹਰਾਦੂਨ ਅਪਣੇ ਸੇਵਕਾਂ ਦੇ ਜੱਥੇ ਨਾਲ ਪਹੁੰਚ ਕੇ,1687 ਵਿੱਚ ਮਸੰਦਾਂ ਦੀ ਕੀਤੀ ਸੁਧਾਈ। ਯੋਜਨਾਬੱਧ ਤਰੀਕੇ ਨਾਲ ਮਸੰਦਾਂ ਨੂੰ ਜਿਉਂਦੇ ਜੀਅ ਤੱਤੇ ਤੇਲ ਦੇ ਕੜਾਹਿਆਂ ਵਿੱਚ ਸਾੜ ਕੇ, ਕੀਤੀ ਖਿਚਾਈ। ਪੰਜਾਬ ਕੌਰ ਨੂੰ ਡੇਰੇ ਦਾ ਸੰਸਥਾਪਕ ਥਾਪ ਕੇ ਆਖਿਆ, ਡੇਰੇ ਦੀ ਕਰੋ ਸੇਵਾ ਸੰਭਾਲ, ਸਦਾ ਬਣਿਆ ਰਹੇਗਾ ਆਪ ਜੀ ਦਾ ਪ੍ਰਤਾਪ। ਗੁਰੂ ਸਾਹਿਬ ਦੇ ਅਸ਼ੀਰਵਾਦ ਨਾਲ ਮਾਤਾ ਜੀ ਗੁਰੂ ਘਰ ਨਾਲ ਜੁੜੇ ਰਹੇ ਨਾਮ ਸਿਮਰਨ ਕਰਦੇ ਹੋਏ ਲੋੜਵੰਦ ਲੋਕਾਂ ਦੀ ਮਦਦ ਕਰਦੇ ਹੋਏ 1741 ਵਿੱਚ 88 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦੀ ਸਮਾਧ ਡੇਹਰਾਦੂਨ ਵਿੱਚ ਬਣੀ ਹੋਈ ਹੈ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ
ਫੋਨ ਨੰਬਰ : 9878469639

# ਮਿੱਡ ਡੇ ਮੀਲ ਵਰਕਰ: ਪੋਸ਼ਣ ਬਦਲੇ ਸ਼ੋਸ਼ਣ ਦੀ ਦਾਸਤਾਨ

ਪੰਜਾਬ ਦੇ ਇੱਕ ਸਰਕਾਰੀ ਸਕੂਲ ਦੀ ਚਾਰਦੀਵਾਰੀ ਅੰਦਰ......

ਚੁੱਲ੍ਹੇ ਵਿੱਚ ਅੱਗ ਮੱਚ ਰਹੀ ਹੈ ਅਤੇ ਉੱਪਰ ਰੱਖੀ ਦੇਗ ਵਿੱਚ ਖਾਣਾ ਰਿੱਝ ਰਿਹਾ ਹੈ।

ਕੁੱਝ ਸਰਕਾਰੀ ਦਿਖਣ ਵਾਲੇ ਵਿਅਕਤੀ ਇੱਕ ਦਮ ਛਾਪਾ ਨੁਮਾ ਕਾਰਵਾਈ ਕਰਦੇ ਦਿਖਾਈ ਦਿੰਦੇ ਹਨ ਇੱਕ ਸਿੱਖਿਆ ਮੰਤਰੀ ਸਮੇਤ ਅਮਲੇ ਫੈਲੇ ਅਤੇ ਕੁੱਝ ਪੱਤਰਕਾਰ ਨੁਮਾ ਲੋਕ ਹੱਥਾਂ ਵਿੱਚ ਕੈਮਰੇ ਫੜੀ। ਮੰਤਰੀ ਨਜ਼ਰ ਆਉਣ ਵਾਲਾ ਵਿਅਕਤੀ ਬੜੇ ਰੋਅਬ ਨਾਲ ਪੁਛਦਾ ਹੈ ਕਿ ਸਬਜੀ ਵਿੱਚ ਟਮਾਟਰ ਪਾਏ ਹਨ ਜਾਂ ਨਹੀਂ। ਅਤੇ ਸ਼ੋਸ਼ਲ ਮੀਡੀਆ, ਪ੍ਰਿੰਟ ਮੀਡੀਆ ਅਤੇ ਰਾਜਨੀਤਕ ਹਲਕਿਆਂ ਵਿੱਚ ਚਰਚਾ ਬਟੋਰਨ ਤੋਂ ਬਾਅਦ ਸਭ ਕੁੱਝ ਪਹਿਲਾਂ ਵਰਗਾ ਨਜ਼ਰ ਆਉਂਦਾ ਹੈ। ਮੰਤਰੀ ਸਾਹਿਬ ਨੇ ਖਾਣੇ ਵਿੱਚੋਂ ਟਮਾਟਰ ਲੱਭਣੇ ਤਾਂ ਜ਼ਰੂਰੀ ਸਮਝੇ ਪਰ ਖਾਣਾ ਤਿਆਰ ਕਰਨ ਵਾਲੇ ਭੁੱਖੇ ਢਿੱਡ ਉਹਨਾਂ ਨੂੰ ਕਦੇ ਨਜ਼ਰ ਨਹੀਂ ਆਏ।

ਮਿਡ-ਡੇ-ਮੀਲ ਯੋਜਨਾ ਜਿਸ ਨੂੰ ਹੁਣ ਪ੍ਰਧਾਨ ਮੰਤਰੀ ਪੋਸ਼ਨ ਸ਼ਕਤੀ ਨਿਰਮਾਣ ਵਜੋਂ ਜਾਣਿਆ ਜਾਂਦਾ ਹੈ। ਭਾਰਤ ਸਰਕਾਰ ਦੀ ਇੱਕ ਵੱਡੀ ਯੋਜਨਾ ਹੈ, ਜਿਸ ਤਹਿਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਗਰਮ ਅਤੇ ਪੌਸ਼ਟਿਕ ਖਾਣਾ ਮੁਫ਼ਤ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਦਾ ਉਦੇਸ਼ ਬੱਚਿਆਂ ਦੀ ਪੋਸ਼ਣ ਸਥਿਤੀ ਸੁਧਾਰਨਾ, ਸਕੂਲੀ ਡਰਾਪਆਉਟ ਘਟਾਉਣਾ ਅਤੇ ਹਾਜ਼ਰੀ ਵਧਾਉਣਾ ਹੈ।

ਮੈਂ ਗੱਲ ਕਰਨਾ ਚਾਹੁੰਦਾ ਹਾਂ ਉਹਨਾਂ ਲੱਗਭੱਗ 45000 ਹਜ਼ਾਰ ਮਿਡ ਡੇ ਮੀਲ ਵਰਕਰਾਂ ਦੀ ਜੋ ਪੰਜਾਬ ਦੇ ਲੱਗਭਗ 1900000 ( ਉੱਨੀ ਲੱਖ) ਬੱਚਿਆਂ ਮਾਸੂਮ ਬੱਚਿਆਂ ਨੂੰ ਦੁਪਿਹਰ ਦਾ ਖਾਣਾ ਬਣਾਉਂਦੀਆਂ ਹਨ, ਪਰੋਸਦੀਆਂ ਹਨ, ਭਾਂਡੇ ਸਾਫ ਕਰਦੀਆਂ ਹਨ, ਕੁੱਝ ਹੋਰ ਸਕੂਲ ਦੇ ਏਧਰ ਓਧਰ ਦੇ ਕੰਮ ਵੀ ਕਰਦੀਆਂ ਹਨ ਅਤੇ ਇਹ ਸਭ ਕੰਮ ਮਾਤਰ ਇੱਕ ਸੌ ਰੁਪਏ ਦਿਹਾੜੀ ਬਦਲੇ ਕਰਦੀਆਂ ਹਨ।

ਗੱਲ ਇੱਥੇ ਹੀ ਖਤਮ ਨਹੀਂ ਹੁੰਦੀ। ਇਹ ਵਰਕਰ ਸਾਰੇ ਦੇ ਸਾਰੇ ਬੇਹੱਦ ਗਰੀਬ ਅਤੇ ਪੱਛੜੇ ਹੋਏ ਘਰਾਂ ਤੋਂ ਹਨ ਅਤੇ ਬਹੁਤ ਸਾਰੀਆਂ ਤਾਂ ਵਿਧਵਾ ਅਤੇ ਬੇ ਸਹਾਰਾ ਵੀ। ਕਿਉਂਕਿ ਸੂਬੇ ਦੀ ਮਾਣਮੱਤੀ ਸਰਕਾਰ ਨੇ ਇਹ ਨੌਕਰੀ ਇਹਨਾਂ ਲਈ ਰਾਖਵੇਂਕਰਨ ਅਧੀਨ ਰੱਖੀ ਹੋਈ ਹੈ। ਇਹਨਾਂ ਨੂੰ ਤਨਖਾਹ ਨਹੀਂ ਮਿਲਦੀ, ਮਾਣਭੱਤਾ ਮਿਲਦਾ ਹੈ, ਤਿੰਨ ਹਜ਼ਾਰ ਰੁਪਏ ਮਹੀਨਾ।

ਪੰਜਾਬ ਭਰ ਵਿਚ ਹਜ਼ਾਰਾਂ ਇਸ ਤਰ੍ਹਾਂ ਦੀਆਂ ਔਰਤਾਂ ਰੋਜ਼ਾਨਾ ਸਕੂਲੀ ਰਸੋਈਆਂ ਵਿਚ ਆਪਣੀਆਂ ਜਿੰਦਗੀਆਂ ਸਾੜ ਰਹੀਆਂ ਹਨ। ਉਹ ਲੱਖਾਂ



ਮਾਸੂਮ ਬੱਚਿਆਂ ਨੂੰ ਸੁਆਦੀ ਖਾਣਾ ਖਿਲਾਉਂਦੀਆਂ ਹਨ ਤਾਂ ਜੋ ਉਨ੍ਹਾਂ ਦਾ ਭਵਿੱਖ ਉੱਜਵਲ ਬਣ ਸਕੇ, ਪਰ ਖੁਦ ਉਨ੍ਹਾਂ ਦੀ ਜ਼ਿੰਦਗੀ ਆਰਥਿਕ ਤੰਗੀ, ਤਣਾਅ ਅਤੇ ਮਜਬੂਰੀਆਂ ਵਿੱਚ ਗੁਜ਼ਰ ਰਹੀ ਹੈ। ਇਹ ਔਰਤਾਂ ਸਕੂਲੀ ਚੁੱਲ੍ਹਿਆਂ ਦੀਆਂ ਅਣਗੌਲੀ ਅੱਗਾਂ ਹਨ, ਜਿਨ੍ਹਾਂ ਬਿਨਾਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਅਧੂਰੀ ਹੈ।

ਜਦੋਂ ਇੱਕ ਪੰਜ ਸਾਲ ਲਈ ਚੁਣੇ ਹੋਇਆ ਨੁਮਾਇੰਦਾ ਸਿਰਫ ਟੈਲੀਫੋਨ ਭੱਤਾ ਡੇਢ ਲੱਖ ਰੁਪਏ ਸਲਾਨਾ ਲੈਂਦਾ ਹੈ। ਤਨਖਾਹ, ਰਿਹਾਇਸ਼, ਸਫਰ, ਅਤੇ ਮੈਡੀਕਲ ਭੱਤੇ ਵੱਖਰੇ ਹਨ। ਓਥੇ ਇਨ੍ਹਾਂ ਵਰਕਰਾਂ ਨੂੰ ਮਹੀਨੇ ਵਿਚ ਸਿਰਫ਼ 3,000 ਰੁਪਏ ਮਿਲਦੇ ਹਨ। ਇਹ ਰਾਸ਼ੀ ਇੰਨੀ ਨਿਗੂਣੀ ਹੈ ਕਿ ਇਸ ਨਾਲ ਇੱਕ ਵਿਅਕਤੀ ਦਾ ਗੁਜ਼ਾਰਾ ਵੀ ਮੁਸ਼ਕਲ ਨਾਲ ਚੱਲਦਾ ਹੈ, ਘਰ ਪਰਿਵਾਰ ਦਾ ਖਰਚਾ ਤਾਂ ਬੜੀ ਦੂਰ ਰਿਹਾ।

ਜੇਕਰ ਪੰਜਾਬ ਦੇ ਗੁਆਂਢੀ ਰਾਜਾਂ ਨਾਲ ਵੀ ਤੁਲਨਾ ਕਰੀਏ ਤਾਂ ਵਿਤਕਰਾ ਸਾਫ਼ ਨਜ਼ਰ ਆਉਂਦਾ ਹੈ। ਹਰਿਆਣਾ ਵਿੱਚ 7,000 ਰੁਪਏ ਪ੍ਰਤੀ ਮਹੀਨਾ ਅਤੇ ਚੰਡੀਗੜ੍ਹ ਵਿੱਚ 4,500 ਰੁਪਏ ਪ੍ਰਤੀ ਮਹੀਨਾ।

ਤਨਖਾਹਾਂ ਵਿਚ ਮਹੀਨਿਆਂ ਤੱਕ ਦੀ ਦੇਰੀ ਆਮ ਗੱਲ ਹੈ। ਇਸ ਕਾਰਨ ਇਨ੍ਹਾਂ ਵਰਕਰਾਂ ਦੇ ਆਪਣੇ ਘਰਾਂ ਵਿੱਚ ਵੀ ਆਰਥਿਕ ਤਣਾਅ ਵਧ ਜਾਂਦਾ ਹੈ। ਆਪਣੇ ਬੱਚਿਆਂ ਦੀ ਫੀਸ, ਦਵਾਈਆਂ ਅਤੇ ਰੋਜ਼ਾਨਾ ਖਰਚੇ ਵੀ ਪੂਰੇ ਨਹੀਂ ਹੁੰਦੇ । ਹੱਦ ਤਾਂ ਇਸ ਗੱਲ ਦੀ ਹੈ ਕਿ ਇਹਨਾਂ ਵਿੱਚੋਂ ਬਹੁਤੀਆਂ ਔਰਤਾਂ ਆਪਣੇ ਪਰਿਵਾਰ ਵਿੱਚ ਇੱਕਲੀਆਂ ਕਮਾਉਣ ਵਾਲੀਆਂ ਹਨ। ਇਸ ਲਈ ਇਹ ਦੇਰੀ ਪੂਰੇ ਪਰਿਵਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ।

ਹੁਣ ਸਰਕਾਰ ਦੀ ਬੇਸ਼ਰਮੀ ਦੇਖੋ, ਇਹਨਾਂ ਵਰਕਰਾਂ ਨੂੰ 'ਵਲੰਟੀਅਰ' ਦਾ ਲੇਬਲ ਲਗਾ ਕੇ ਘੱਟੋ-ਘੱਟ ਉਜਰਤਾਂ ਅਤੇ ਲੇਬਰ ਕਾਨੂੰਨ ਤੋਂ ਦਰਕਿਨਾਰ ਕੀਤਾ ਹੋਇਆ ਹੈ। ਇਹ ਇੱਕ ਤਰ੍ਹਾਂ ਦੀ ਲੂੰਬੜ ਚਾਲ ਹੈ ਜਿਸ ਨਾਲ ਇਨ੍ਹਾਂ ਔਰਤਾਂ ਨੂੰ ਵਰਕਰ ਵਜੋਂ ਮਾਨਤਾ ਤੋਂ ਵਾਂਝਾ ਰੱਖਿਆ ਜਾਂਦਾ ਹੈ। ਉਨ੍ਹਾਂ ਉੱਤੇ ਰਸੋਈ ਤੋਂ ਇਲਾਵਾ ਹੋਰ ਡਿਊਟੀਆਂ ਵੀ ਲਾਈਆਂ ਜਾਂਦੀਆਂ ਹਨ, ਪਰ ਇਸ ਲਈ ਕੋਈ ਵਾਧੂ ਤਨਖਾਹ ਨਹੀਂ ਮਿਲਦੀ।

ਸਮੇਂ-ਸਮੇਂ ਉੱਤੇ ਇਹ ਵਰਕਰ ਰੋਸ ਪ੍ਰਦਰਸ਼ਨ ਅਤੇ ਧਰਨੇ ਕਰਦੀਆਂ ਰਹੀਆਂ ਹਨ। ਉਨ੍ਹਾਂ ਦੀਆਂ ਮੁੱਖ ਮੰਗਾਂ ਵਿਚ ਤਨਖਾਹ ਵਧਾਉਣਾ, ਘੱਟੋ-ਘੱਟ ਉਜਰਤਾਂ ਲਾਗੂ ਕਰਨਾ, ਸਮੇਂ ਸਿਰ ਭੁਗਤਾਨ ਅਤੇ ਹੋਰ ਸੁਵਿਧਾਵਾਂ ਸ਼ਾਮਲ ਹੁੰਦੀਆਂ ਹਨ ਹਨ। ਮਾਰਚ 2026 ਵਿਚ ਲੁਧਿਆਣਾ ਵਿਚ ਵੀ ਇਸ ਤਰ੍ਹਾਂ ਦਾ ਪ੍ਰਦਰਸ਼ਨ ਹੋਇਆ ਸੀ।

ਅੰਧੇਰੀ ਨਗਰੀ ਦਾ ਨਿਆਂ......

ਮਈ 2026 ਵਿਚ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀਆਂ ਉਜਰਤਾਂ ਵਿਚ 15% ਵਾਧਾ ਕੀਤਾ, ਜਿਸ ਨਾਲ ਅਣ-ਸਿੱਖਿਅਤ ਮਜ਼ਦੂਰਾਂ ਲਈ ਵਈ ਮਹੀਨਾਵਾਰ ਤਨਖਾਹ ਲਗਭਗ 13,486 ਰੁਪਏ ਹੋ ਗਈ ਹੈ। ਇਸ ਨਾਲ ਵਰਕਰਾਂ ਵਿੱਚ ਵੀ ਉਮੀਦ ਜਾਗੀ, ਪਰ ਉਨ੍ਹਾਂ ਲਈ ਇਹ ਵਾਧਾ ਅਜੇ ਵੀ ਲਾਗੂ ਨਹੀਂ ਹੋਇਆ।

ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਆਪਣੇ ਆਪ ਨੂੰ ਇੱਕ ਕਲਿਆਣਕਾਰੀ ਸਰਕਾਰ ਅਖਵਾਉਣ ਵਾਲੇ ਲੋਕਾਂ ਲਈ ਇੰਨੀ ਘੱਟ ਮਜ਼ਦੂਰੀ ਉੱਤੇ ਇਸ ਤਰ੍ਹਾਂ ਦਾ ਮਹੱਤਵਪੂਰਨ ਕੰਮ ਕਰਵਾਉਣਾ ਕੀ ਨੈਤਿਕ ਅਪਰਾਧ ਨਹੀਂ ਹੈ । ਬੱਚਿਆਂ ਨੂੰ ਤੰਦਰੁਸਤ ਰੱਖਣ ਵਾਲੀਆਂ ਔਰਤਾਂ ਖੁਦ ਭੁੱਖਮਰੀ ਅਤੇ ਤਣਾਅ ਨਾਲ ਜੂਝ ਰਹੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਜੇਕਰ ਦੇਸ਼ ਦੇ ਭਵਿੱਖ ਨੂੰ ਪਾਲਣ ਵਾਲੇ ਇਨ੍ਹਾਂ ਹੱਥਾਂ ਨੂੰ ਖੁਦ ਢੰਗ ਦੀ ਰੋਟੀ ਨਸੀਬ ਨਾ ਹੋਵੇ, ਤਾਂ ਵਿਕਾਸ ਅਤੇ ਸਿੱਖਿਆ ਦੇ ਸਾਰੇ ਦਾਅਵੇ ਖੋਖਲੇ ਹਨ। ਪੰਜਾਬ ਸਰਕਾਰ ਅਤੇ ਸਮਾਜ ਨੂੰ ਇਨ੍ਹਾਂ ਸਾਇਲੈਂਟ ਪਿਲਰਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਲਈ ਤਨਖਾਹ ਵਧਾਉਣਾ, ਸਮੇਂ ਸਿਰ ਭੁਗਤਾਨ ਅਤੇ ਉਨ੍ਹਾਂ ਨੂੰ ਉਚਿਤ ਮਾਨਤਾ ਦੇਣਾ ਲਾਜ਼ਮੀ ਹੈ। ਜਦੋਂ ਤੱਕ ਇਨ੍ਹਾਂ ਚੁੱਲ੍ਹਿਆਂ ਦੀ ਅੱਗ ਨੂੰ ਇਜ਼ਤ ਅਤੇ ਇਨਸਾਫ਼ ਨਹੀਂ ਮਿਲਦਾ, ਅਸੀਂ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਯਕੀਨੀ ਬਣਾਉਣ ਵਿਚ ਖੁਦ ਅਣਗਹਿਲੀ ਕਰ ਰਹੇ ਹਾਂ। ਇਨ੍ਹਾਂ ਔਰਤਾਂ ਦਾ ਸੰਘਰਸ਼ ਸਾਡਾ ਆਪਣਾ ਸੰਘਰਸ਼ ਹੋਣਾ ਚਾਹੀਦਾ ਹੈ। ਖਾਸ ਕਰਕੇ ਉਹਨਾਂ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸਮੂਹਿਕ ਤੌਰ ਤੇ ਇਹਨਾ ਗਰੀਬ ਔਰਤਾਂ ਦੇ ਹੱਕ ਵਿੱਚ ਅਵਾਜ ਬੁਲੰਦ ਕਰਨੀ ਚਾਹੀਦੀ ਹੈ। ਉਨ੍ਹਾਂ ਵਰਕਰਾਂ ਨੂੰ ਉਨ੍ਹਾਂ ਦਾ ਹੱਕ ਮਿਲਣਾ ਹੀ ਇੱਕ ਨਿਆਂਪੂਰਣ ਸਮਾਜ ਦੀ ਪਹਿਲੀ ਸ਼ਰਤ ਹੈ।



**ਗੁਰਦੀਪ ਕੌਰੇਆਣਾ ।**
**9915013953**

# ਮਾਸੀ ਸੰਤੋ ਦਾ ਫੈਸਲਾ

"ਲੈ ਵੀ ਬਿਹਾਰੇ ਪੁੰਨਾ ਦੇ ਜੋ ਵੀ ਜੁਆਕ ਹੋਵੇ ਉਹ ਤੁਸੀਂ ਛੱਲੋ ਦੀ ਝੋਲੀ ਪਾ ਦਿਓ।" ਮੇਰੀ ਮਾਸੀ ਸੰਤੋ ਨੇ ਐਲਾਨ ਕਰ ਦਿੱਤਾ। ਮਾਮਾ ਬਾਊ ਮਾਮੇ ਬਿਹਾਰੀ ਤੋਂ ਵੱਡਾ ਸੀ। ਉਸਦੇ ਜੁਆਕ ਹੋਇਆ ਸੀ ਪ੍ਰੰਤੂ ਕੁਝ ਸਾਲਾਂ ਬਾਅਦ ਗੁਜ਼ਰ ਗਿਆ। ਫਿਰ ਕਈ ਸਾਲ ਮਾਮੀ ਕੁਸ਼ੱਲਿਆ ਦੀ ਗੋਦ ਹਰੀ ਨਾ ਹੋਈ। ਛੋਟੀ ਮਾਮੀ ਬਿਮਲਾ ਜਿਸਨੂੰ ਉਸਦੇ ਪੇਕੇ ਸਹੁਰੇ ਪੁੰਨਾ ਆਖਦੇ ਸਨ। ਉਸਦਾ ਪੈਰ ਭਾਰੀ ਸੀ। ਮਾਮਾ ਬਿਹਾਰੀ ਮਾਮੀ ਨੂੰ ਮੋਮਬੱਤੀ ਆਖਦਾ ਸੀ। ਮੇਰੇ ਨਾਨਕੇ ਘਰ ਵਿਆਹ ਸੀ ਯਾਦ ਨਹੀਂ ਕਿਸੇ ਮਾਮੇ ਦੇ ਮੁੰਡੇ ਦਾ ਸੀ ਕਿ ਮਾਮੇ ਦੀ ਕੁੜੀ ਦਾ। ਇਹ ਸਾਰੇ ਭੈਣ ਭਰਾ ਵੱਡੇ ਮਾਮਾ ਕੁੰਦਨ ਲਾਲ ਦੀ ਵੱਡੀ ਸਾਰੀ ਸੁਵਾਤ ਚ ਬੈਠੇ ਸਨ। ਮਾਮੇ ਕੁੰਦਨ ਦੇ ਹਿੱਸੇ ਉਹ ਸਵਾਤ ਹੀ ਆਈ ਸੀ। ਪੁਰਾਣੀ ਬਣੀ ਹੋਣ ਕਰਕੇ ਉਹ ਵੇਹੜੇ ਨਾਲੋਂ ਫੁੱਟ ਨੀਵੀਂ ਸੀ। ਕੋਈ ਖਿੜਕੀ, ਜੰਗਲਾ ਨਾ ਹੋਣ ਕਰਕੇ ਉਥੇ ਅਮੂਮਨ ਘੁੱਪ ਹਨੇਰਾ ਹੀ ਰਹਿੰਦਾ ਸੀ ਪ੍ਰੰਤੂ ਛੇ ਸੱਤ ਮੰਜੇ ਆਰਾਮ ਨਾਲ ਡਹਿ ਜਾਂਦੇ ਸਨ। ਵਿਆਹ ਕਿਸੇ ਘਰੇ ਵੀ ਹੁੰਦਾ ਮਹਿਫ਼ਿਲ ਮਾਮੇ ਕੁੰਦਨ ਘਰੇ ਹੀ ਸੱਜਦੀ। ਮੇਰੇ ਪੰਜੇ ਮਾਮੇ ਤੇ ਚਾਰੇ ਮਾਸੀਆਂ ਉਥੇ ਹੀ ਧਮਾਲ ਪਾਉਂਦੇ। ਮੇਰੇ ਨਾਨਕੇ ਪਰਿਵਾਰ ਵਿੱਚ ਮਾਸੀ ਸੰਤੋ ਅਤੇ ਪਾਪਾ ਜੀ ਦੇ ਕੀਤੇ ਫੈਸਲੇ ਤੇ ਕੋਈ ਵੀਟੋ ਨਹੀਂ ਸੀ ਕਰਦਾ। ਬਾਅਦ ਵਿੱਚ ਤਾਂ ਖੈਰ ਜੁਆਕਾਂ ਹੱਥ ਪ੍ਰਧਾਨਗੀਆਂ ਆ ਗਈਆਂ। ਮੇਰੇ ਵਰਗੇ ਸਾਰੇ ਹੀ ਮਾਮਿਆਂ, ਮਾਸੀਆਂ, ਅਤੇ ਚਾਚੇ, ਚਾਚੀਆਂ ਮੂਹਰੇ ਮੂੰਹ ਖੋਲ੍ਹਣ ਲੱਗ ਪਏ। ਮਾਸੀ ਦੀ ਘੋਸ਼ਣਾ ਤੇ ਵੀ ਕਿਸੇ ਨੇ ਕੀ ਇਤਰਾਜ ਕਰਨਾ ਸੀ ਸਗੋਂ ਸਭ ਨੇ ਤਾੜੀ ਮਾਰ ਦਿੱਤੀ। ਮਾਮੀ ਬਿਮਲਾ ਦੇ ਕੁੜੀ ਹੋਈ ਤੇ ਉਹ ਮਾਮੇ ਬਾਊ ਨੂੰ ਦੇ ਦਿੱਤੀ। ਕੁੜੀ ਨੇ ਐਸੇ ਭਾਗ ਲਾਏ ਕਿ ਮਾਮੇ ਬਾਊ ਦੇ ਵੀ ਅੱਗੇ ਤਿੰਨ ਮੁੰਡੇ ਹੋਏ। ਇੱਧਰ ਮਾਮੇ ਬਿਹਾਰੀ ਕੋਲ੍ਹ ਵੀ ਤਿੰਨ ਮੁੰਡੇ ਤੇ ਇੱਕ ਕੁੜੀ। ਓਦੋਂ ਭਰਾਵਾਂ ਚ ਇਤਫ਼ਾਕ ਹੁੰਦਾ ਹੈ। ਕੋਈ ਵੱਡਿਆਂ ਦਾ ਆਖਾ ਨਹੀਂ ਸੀ ਉਲਟਾਉਂਦਾ। ਇਹੋ ਜਿਹੇ ਫੈਸਲਿਆਂ ਵਿੱਚ ਸਹੁਰਿਆਂ ਦੀ ਲੇਸ ਮਾਤਰ ਵੀ ਦਖਲਅੰਦਾਜੀ ਨਹੀਂ ਸੀ ਹੁੰਦੀ। ਅੱਜ ਕੱਲ੍ਹ ਤਾਂ ਭਰਾਵਾਂ ਦੇ ਬਟਵਾਰੇ ਤੋਂ ਲੈਕੇ ਭਰਾਵਾਂ ਦੀ ਦਾਲ ਕੌਲੀ ਦੀ ਸਾਂਝ ਤੇ ਵੀ ਸਹੁਰੇ ਟੇਡੀ ਅੱਖ ਰੱਖਦੇ ਹਨ।



**ਰਮੇਸ ਸੇਠੀ ਬਾਦਲ**
**9876627233**

# ਕੈਕਟਸ ਦਾ ਬਾਗ਼



ਸੁੱਕੀ-ਰੇਤਲੀ, ਪਥਰੀਲੀ ਧਰਤੀ ਤੇ ਤੱਤੀ ਲੂਹੰਦੀ ਹਵਾ ਵਿੱਚ ਮੁਸਕਰਾਉਂਦੇ, ਹੱਸਦੇ, ਖਿੜਖਿੜਾਉਂਦੇ ਤੇ ਹਰੇ ਲਿਬਾਸ ਪਾਈ ਖੜ੍ਹੇ ਬੂਟਿਆਂ ਨੂੰ ਮਨ ਵਾਰ-ਵਾਰ ਵੇਖਣ ਨੂੰ ਤਰਸਦਾ ਹੈ। ਉਨ੍ਹਾਂ ਦਾ ਆਕਾਰ ਤੇ ਬਣਤਰ ਇੰਨਾ ਅਨੋਖਾ ਤੇ ਅਲਬੇਲਾ ਹੈ ਕਿ ਨਜ਼ਰਾਂ ਬਿਨਾਂ ਵੇਖੇ ਰਹਿ ਹੀ ਨਹੀਂ ਸਕਦੀਆਂ। ਕੁਝ ਬੂਟਿਆਂ ਨੇ ਤਾਂ ਆਪਣੇ ਦੋਵੇਂ ਹੱਥ ਫੈਲਾ ਕੇ ਜੱਫੀ ਪਾਉਣ ਵਾਲੀ ਮੁਦਰਾ ਬਣਾਈ ਹੋਈ ਲੱਗਦੀ ਹੈ, ਜਿਵੇਂ ਕਹਿੰਦੇ ਹੋਣ ਕਿ ਕੋਈ ਤਾਂ ਸਾਡੇ ਕੋਲ ਆਵੇ, ਸਾਨੂੰ ਗਲ ਨਾਲ ਲਾਵੇ ਜਾਂ ਸਾਡੀ ਛਾਂ ਮਾਣੇ। ਪਰ ਸ਼ਾਇਦ ਇਹ ਅਸੰਭਵ ਜਿਹਾ ਜਾਪਦਾ ਹੈ।

ਵਿਸ਼ਾਲ ਪਹਾੜਾਂ ਉੱਤੇ ਤੇ ਜਿੱਥੋਂ ਤੱਕ ਨਜ਼ਰ ਜਾਂਦੀ ਹੈ, ਇਹ ਰੁੱਖ ਇੱਕ ਪਰਿਵਾਰ ਵਾਂਗ ਇੱਧਰ-ਉੱਧਰ ਖੜ੍ਹੇ ਹਨ, ਜਿਵੇਂ ਕੋਈ ਮੂਕ ਬੋਲੀ ਵਿੱਚ ਆਪਣਾ ਦੁੱਖ-ਸੁੱਖ ਵੰਡ ਰਹੇ ਹੋਣ। ਕੁਝ ਵੱਡਿਆਂ ਨੇ ਆਪਣੇ ਸਿਰ 'ਤੇ ਫੁੱਲਾਂ ਦਾ ਸਿਹਰਾ ਸਜਾਇਆ ਹੋਇਆ ਹੈ, ਜਿਸ ਦੇ ਰੰਗਾਂ ਨੂੰ ਵੇਖ ਕੇ ਮਨ ਹੋਰ ਵੀ ਉਨ੍ਹਾਂ ਵੱਲ ਖਿੱਚਿਆ ਜਾਂਦਾ ਹੈ।

ਰੇਤਲੀ ਤੇ ਪਥਰੀਲੀ ਜ਼ਮੀਨ 'ਤੇ ਰੰਗ-ਬਰੰਗੀ ਰੇਤ ਤੇ ਤਰ੍ਹਾਂ-ਤਰ੍ਹਾਂ ਦੇ ਛੋਟੇ-ਵੱਡੇ ਪੱਥਰਾਂ ਉੱਤੇ ਜਦੋਂ ਤਿੱਖੀ ਧੁੱਪ ਦੀਆਂ ਕਿਰਨਾਂ ਪੈਂਦੀਆਂ ਹਨ, ਤਾਂ ਉਨ੍ਹਾਂ ਦੀ ਚਮਕ ਤੋਂ ਇੰਝ ਲੱਗਦਾ ਹੈ ਜਿਵੇਂ ਚਾਰੇ ਪਾਸੇ ਹੀਰੇ-ਜਵਾਹਰਾਤ ਖਿੱਲਰੇ ਪਏ ਹੋਣ। ਘਾਹ ਦੀਆਂ ਸੁੱਕੀਆਂ ਤੇ ਮੁਰਝਾਈਆਂ ਪੱਤੀਆਂ ਮੂੰਹ ਅੱਡ ਕੇ ਜਿਵੇਂ ਕਹਿ ਰਹੀਆਂ ਹੋਣ ਕਿ ਦੋ ਬੂੰਦਾਂ ਪਾਣੀ ਮੈਨੂੰ ਵੀ ਮਿਲ ਜਾਵੇ ਤਾਂ ਮੈਂ ਵੀ ਹਰੀ-ਭਰੀ ਹੋ ਜਾਵਾਂ। ਪਰ ਹੰਕਾਰੀ ਅਸਮਾਨ ਦੀ ਬੇਰਹਿਮੀ ਕਿ ਕਦੇ-ਕਦਾਈਂ ਹੀ ਇਨ੍ਹਾਂ ਨੂੰ ਮੀਂਹ ਦਾ ਸਾਥ ਮਿਲਦਾ ਹੈ। ਤਦ ਇਹ ਘਾਹ ਅਚਾਨਕ ਹਰਿਆਵਲ ਨਾਲ ਉੱਠ ਕੇ ਹੱਥ ਖੜ੍ਹੇ ਕਰਕੇ ਆਪਣੇ ਅੰਗਾਂ ਨਾਲ ਅਸਮਾਨ ਦਾ ਸ਼ੁਕਰਾਨਾ ਕਰਦੀ ਜਾਪਦੀ ਹੈ, ਨਾਲ ਹੀ ਅਰਦਾਸ ਕਰਦੀ ਹੈ ਕਿ ਆਪਣੀ ਮਿਹਰ ਦੀ ਵਰਖਾ ਬਣਾਈ ਰੱਖੀਂ।

ਪਰ ਸ਼ਾਇਦ ਸੂਰਜ ਦੇਵਤੇ ਦਾ ਅੱਤ ਦਾ ਕ੍ਰੋਧ, ਗਰਮ ਹਵਾ ਦੇ ਥਪੇੜੇ ਤੇ ਖ਼ੁਸ਼ਕ ਮੌਸਮ ਇਨ੍ਹਾਂ ਦੀ ਜ਼ਿੰਦਗੀ ਵਿੱਚ ਸੰਕਟ ਤੋਂ ਬਿਨਾਂ ਹੋਰ ਦੇ ਵੀ ਕੀ ਸਕਦਾ ਹੈ। ਅਜਿਹੇ ਮਾਹੌਲ ਵਿੱਚ ਇਹ ਘਾਹ ਦੀਆਂ ਪੱਤੀਆਂ ਸੁੱਕ ਕੇ ਸਦਾ ਦੀ ਨੀਂਦ ਸੌਂ ਜਾਂਦੀਆਂ ਹਨ ਤੇ ਮਿੱਟੀ ਵਿੱਚ ਮਿੱਟੀ ਹੋ ਕੇ ਰਲ ਜਾਂਦੀਆਂ ਹਨ।

ਅਜਿਹੇ ਖ਼ੁਸ਼ਕ ਮੌਸਮ ਵਿੱਚ ਵੀ ਕੁਝ ਬੂਟੇ ਮੁਸਕਰਾਉਂਦੇ, ਇਠਲਾਉਂਦੇ ਤੇ ਇਸ ਬੇਰਹਿਮ ਮੌਸਮ ਤੇ ਅਸਮਾਨੀ ਵਾਰਾਂ ਦਾ ਡਟ ਕੇ ਸਾਹਮਣਾ ਕਰਦੇ ਹਨ। ਉਲਟ ਹਾਲਾਤਾਂ ਵਿੱਚ ਵੀ ਖੜ੍ਹੇ ਰਹਿੰਦੇ ਤੇ ਸਭ ਦਾ ਸਵਾਗਤ ਕਰਦੇ ਹਨ। ਕਠੋਰ ਮੌਸਮ ਨੇ ਇਨ੍ਹਾਂ ਨੂੰ ਇੰਨਾ ਪੱਕਾ ਕਰ ਦਿੱਤਾ ਤੇ ਆਤਮਿਕ ਬਲ ਬਖ਼ਸ਼ ਦਿੱਤਾ। ਇਨ੍ਹਾਂ ਨੇ ਆਪਣਾ ਵਿਕਾਸ ਕੁਝ ਇਸ ਤਰ੍ਹਾਂ ਕੀਤਾ ਕਿ ਬਰਸਾਤ ਵੇਲੇ ਆਪਣੇ ਜੀਵਨ ਲਈ ਲੋੜੀਂਦਾ ਪਾਣੀ ਆਪਣੇ ਅੰਦਰ ਹੀ ਸਾਂਭ ਲਿਆ, ਤਾਂ ਜੋ ਲੰਮਾ ਸਮਾਂ ਮੀਂਹ ਦਾ ਪਾਣੀ ਨਾ ਮਿਲੇ ਤਾਂ ਵੀ ਉਹ ਇਸ ਸਾਂਭੇ ਪਾਣੀ ਨਾਲ ਜੀਵਨ ਚਲਾ ਸਕਣ। ਪਾਣੀ ਦੀ ਕੀਮਤ, ਲੋੜ ਤੇ ਮਹੱਤਤਾ ਸਮਝ ਕੇ ਇਨ੍ਹਾਂ ਨੇ ਜੀਉਣਾ ਬਹੁਤ ਸੌਖਾ ਕਰ ਲਿਆ ਤੇ ਆਪਣੇ ਲਿਬਾਸ ਨੂੰ ਫੁੱਲਾਂ ਨਾਲ ਸਜਾ ਕੇ ਸਭ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਆਪਣੀ ਆਤਮਿਕ ਤਾਕਤ ਦੇ ਜ਼ੋਰ 'ਤੇ ਆਪਣੇ ਅੰਦਰ ਨਵਾਂ ਜੋਸ਼ ਤੇ ਉਮੰਗ ਭਰ ਕੇ ਆਪਣੀ ਮਸਤੀ ਵਿੱਚ ਸਭ ਝੂਮਦੇ ਤੇ ਇਠਲਾਉਂਦੇ ਨਜ਼ਰ ਆਉਂਦੇ ਹਨ।

ਜੀਵਨ ਜਿਉਣ ਦਾ ਇਨ੍ਹਾਂ ਨੇ ਇੱਕ ਅਨੋਖਾ ਢੰਗ ਸਿੱਖ ਲਿਆ। ਜਦੋਂ ਮੌਸਮ ਦੀਆਂ ਸਤਾਈਆਂ ਇੰਨੀਆਂ ਔਖੀਆਂ ਹੋਣ ਤਾਂ ਫੇਰ ਆਪਣੇ ਆਪ ਨੂੰ ਜਿਉਂਦਾ ਰੱਖਣ ਦਾ ਇੰਤਜ਼ਾਮ ਕਰਨਾ ਹੀ ਪੈਂਦਾ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਜਿਉਣ ਨਾਲ ਫਾਇਦੇ ਘੱਟ ਤੇ ਨੁਕਸਾਨ ਵੱਧ ਹੋਏ। ਵੇਖਦੇ-ਵੇਖਦੇ ਮੇਰਾ ਸਰੀਰ ਬਹੁਤ ਮੋਟਾ ਹੋ ਗਿਆ ਤੇ ਮੇਰੇ ਸਾਰੇ ਸਰੀਰ ਉੱਤੇ ਸਖ਼ਤ ਕੰਡੇ ਉੱਗ ਆਏ, ਫਲ ਤੇ ਪੱਤੇ ਤਾਂ ਬਹੁਤ ਦੂਰ ਦੀ ਗੱਲ ਸੀ। ਇਨ੍ਹਾਂ ਕੰਡਿਆਂ ਕਰਕੇ ਹੁਣ ਕੋਈ ਮੇਰੇ ਕੋਲ ਨਹੀਂ ਆਉਂਦਾ, ਤੇ ਜੇ ਕੋਈ ਜਾਨਵਰ ਮੈਨੂੰ ਖਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦਾ ਮੂੰਹ ਲਹੂ-ਲੁਹਾਣ ਹੋ ਜਾਂਦਾ ਹੈ, ਤੇ ਇਸ ਤਰ੍ਹਾਂ ਸਭ ਨੇ ਮੇਰੇ ਤੋਂ ਕਿਨਾਰਾ ਕਰ ਲਿਆ। ਇਸ ਤੋਂ ਬਿਨਾਂ ਮੇਰੇ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ। ਇਹ ਸਭ ਮੈਂ ਕੀਤਾ ਜਾਂ ਫਿਰ ਕੁਦਰਤ ਨੇ - ਮੈਨੂੰ ਨਹੀਂ ਪਤਾ, ਸ਼ਾਇਦ ਮੇਰੀ ਕਿਸਮਤ ਹੀ ਅਜਿਹੀ ਲਿਖੀ ਗਈ।

ਮੈਂ ਜਿਉਂਦਾ ਹੁੰਦਿਆਂ ਵੀ ਇੱਕ ਬੇਜਾਨ ਠੂਠ ਵਾਂਗ ਸੁੱਕੇ ਪਹਾੜਾਂ ਉੱਤੇ ਰੇਗਿਸਤਾਨੀ ਹਵਾ ਵਿੱਚ ਆਪਣੇ ਆਪ ਨੂੰ ਲੱਭਦਾ ਰਿਹਾ ਤੇ ਆਪਣੀ ਹੋਂਦ ਬਚਾਈ ਰੱਖੀ। ਮੇਰੇ ਅੰਦਰ ਪਿਆਰ ਦਾ ਸਮੁੰਦਰ ਹਿਲੋਰੇ ਲੈ ਰਿਹਾ ਸੀ, ਮੈਂ ਸਭ ਨੂੰ ਅਪਣਾਉਣਾ ਚਾਹੁੰਦਾ ਸੀ, ਤੇ ਜ਼ਿੰਦਗੀ ਦੇ ਡੂੰਘੇ ਭੇਤ ਦੱਸਣਾ ਚਾਹੁੰਦਾ ਸੀ ਕਿ ਕਿਵੇਂ ਔਖੇ ਵੇਲੇ ਆਪਣੇ ਅੰਦਰ ਹੌਸਲਾ ਤੇ ਹਿੰਮਤ ਭਰ ਕੇ ਮੁਸ਼ਕਲ ਤੋਂ ਮੁਸ਼ਕਲ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ।

ਮੇਰਾ ਬੇਢੰਗਾ ਸਰੀਰ ਤੇ ਥਾਂ-ਥਾਂ ਤੋਂ ਨਿਕਲੇ ਬੇਤਰਤੀਬੇ ਅੰਗ ਤੇ ਉਨ੍ਹਾਂ ਉੱਤੇ ਲੱਗੇ ਅਣਗਿਣਤ ਮੋਟੇ ਤੇ ਤਿੱਖੇ ਕੰਡੇ ਵੇਖ ਕੇ ਭਲਾ ਕੌਣ ਮੇਰੇ ਨੇੜੇ ਕੀ, ਦੂਰੋਂ ਵੀ ਵੇਖਣਾ ਪਸੰਦ ਕਰਦਾ। ਮੇਰੇ ਮਨ ਦੇ ਸਾਰੇ ਚਾਅ ਮਨ ਵਿੱਚ ਹੀ ਘੁੱਟ ਕੇ ਰਹਿ ਗਏ ਤੇ ਲੋਕਾਂ ਨੇ ਮੇਰਾ ਨਾਂ ਰੱਖ ਦਿੱਤਾ "ਕੈਕਟਸ"। ਹਾਂ, ਮੈਂ ਕੈਕਟਸ ਹਾਂ ਪਰ ਸਵੈ-ਨਿਰਭਰ, ਸੰਪੰਨ, ਧਨਵਾਨ, ਤੇ ਸ਼ਕਤੀਸ਼ਾਲੀ। ਤੇ ਹਾਂ, ਮੈਨੂੰ ਆਪਣੇ ਆਪ ਨਾਲ ਬਹੁਤ ਪਿਆਰ ਹੈ ਤੇ ਮੈਨੂੰ ਇਕੱਲਾ ਜੀਵਨ ਜਿਉਣਾ ਵੀ ਆਉਂਦਾ ਹੈ ਤੇ ਔਖੀ ਤੋਂ ਔਖੀ ਹਾਲਤ ਦਾ ਸਾਹਮਣਾ ਕਰਨਾ ਵੀ। ਹਾਂ, ਕੁਝ ਲੋਕ ਮੈਨੂੰ ਵੇਖ ਕੇ ਮੁਸਕਰਾਉਂਦੇ ਹਨ, ਮੇਰੀਆਂ ਤਸਵੀਰਾਂ ਬਣਾਉਂਦੇ, ਮੇਰੇ ਬਾਰੇ ਲਿਖਦੇ ਹਨ, ਸੋਚਦੇ ਹਨ ਤੇ ਮੇਰੀ ਅਨੋਖੀ ਜੀਵਨ-ਜਾਚ ਦੀ ਸ਼ਲਾਘਾ ਵੀ ਕਰਦੇ ਹਨ ਤੇ ਕਦੇ-ਕਦੇ ਆਪਣੇ ਘਰ ਵਿੱਚ ਥਾਂ ਵੀ ਦਿੰਦੇ ਹਨ ਕਿਉਂਕਿ ਮੈਂ ਉਨ੍ਹਾਂ ਨੂੰ ਚੰਗਾ ਲੱਗਦਾ ਹਾਂ ਤੇ ਉਹ ਮੈਨੂੰ ਵੀ ਬਹੁਤ ਚੰਗੇ ਲੱਗਦੇ ਹਨ।



**ਕਮਲ ਭਾਸਕਰ**
**ਜਲੰਧਰ**
**9464252911**

# ਐਨਬੀਏ ਖਿਡਾਰੀ ਬ੍ਰੈਂਡਨ ਕਲਾਰਕ ਦੀ ਮੌਤ ਨਾਲ ਖੇਡ ਜਗਤ 'ਚ ਸੋਗ ਦੀ ਲਹਿਰ

**ਵੈਨਕੂਵਰ, ਮਈ (ਮਲਕੀਤ ਸਿੰਘ)** – ਐਨਬੀਏ ਦੀ ਟੀਮ ਮੈਮਫਿਸ ਗ੍ਰਿਜ਼ਲੀਜ਼ ਦੇ ਖਿਡਾਰੀ ਬ੍ਰੈਂਡਨ ਕਲਾਰਕ ਦੀ 29 ਸਾਲ ਦੀ ਉਮਰ ਵਿੱਚ ਮੌਤ ਹੋ ਜਾਣ ਨਾਲ ਬਾਸਕਟਬਾਲ ਜਗਤ ਵਿੱਚ ਡੂੰਘਾ ਸੋਗ ਪਾਇਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਉਸਦਾ ਦਿਹਾਂਤ ਗੁਆਂਢੀ ਮੁਲਕ ਅਮਰੀਕਾ ਦੇ ਸੈਨ ਫਰਨਾਂਡੋ ਵੈਲੀ ਖੇਤਰ ਵਿੱਚ ਹੋਇਆ। ਜਾਣਕਾਰੀ ਅਨੁਸਾਰ ਬ੍ਰੈਂਡਨ ਕਲਾਰਕ ਦੀ ਮੌਤ ਦੀ ਪੁਸ਼ਟੀ ਉਸਦੀ ਏਜੰਸੀ ਅਤੇ ਮੈਮਫਿਸ ਗ੍ਰਿਜ਼ਲੀਜ਼ ਟੀਮ ਵੱਲੋਂ ਕੀਤੀ ਗਈ ਹੈ। ਹਾਲਾਂਕਿ ਮੌਤ ਦੇ ਕਾਰਨਾਂ ਬਾਰੇ ਤੁਰੰਤ ਕੋਈ ਵਿਸਥਾਰ ਜਾਰੀ ਨਹੀਂ ਕੀਤਾ ਗਿਆ। ਵੈਨਕੂਵਰ ਜਨਮੇ ਬ੍ਰੈਂਡਨ ਕਲਾਰਕ ਨੇ ਆਪਣੀ ਖੇਡ ਕਾਬਲੀਅਤ ਦੇ ਸਦਕਾ ਐਨਬੀਏ ਵਿੱਚ ਖਾਸ ਪਛਾਣ ਬਣਾਈ ਸੀ। ਉਹ ਮੈਮਫਿਸ ਗ੍ਰਿਜ਼ਲੀਜ਼ ਲਈ ਇੱਕ ਮਹੱਤਵਪੂਰਨ ਖਿਡਾਰੀ ਮੰਨਿਆ ਜਾਂਦਾ ਸੀ ਅਤੇ ਆਪਣੇ ਜੋਸ਼ੀਲੇ ਪ੍ਰਦਰਸ਼ਨ ਕਾਰਨ ਪ੍ਰਸ਼ੰਸਕਾਂ ਵਿੱਚ ਕਾਫੀ ਲੋਕਪ੍ਰਿਯ ਸੀ। ਖੇਡ ਜਗਤ ਨਾਲ ਜੁੜੀਆਂ ਕਈ ਹਸਤੀਆਂ ਅਤੇ ਪ੍ਰਸ਼ੰਸਕਾਂ ਵੱਲੋਂ ਉਸਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।



ਐਨਬੀਏ ਖਿਡਾਰੀ ਬ੍ਰੈਂਡਨ ਕਲਾਰਕ ਦੀ ਇੱਕ ਪੁਰਾਣੀ ਤਸਵੀਰ

# ਕੈਨੇਡਾ ਵਿੱਚ ਰਿੱਛ ਦੇ ਹਮਲੇ ਦੌਰਾਨ ਭਾਰਤੀ ਨੌਜਵਾਨ ਦੀ ਮੌਤ

**ਵੈਨਕੂਵਰ, ਮਈ (ਮਲਕੀਤ ਸਿੰਘ) –** ਕੈਨੇਡਾ ਦੇ ਸਸਕਾ-ਚਵਨ ਸੂਬੇ ਦੇ ਉੱਤਰੀ ਖੇਤਰ ਦੇ ਜੰਗਲੀ ਇਲਾਕੇ ਚ ਇੱਕ ਕਾਲੇ ਰਿਛ ਵੱਲੋਂ ਕੀਤੇ ਗਏ ਜਾਨਲੇਵਾ ਹਮਲੇ ਦੌਰਾਨ ਇੱਕ ਭਾਰਤੀ ਨੌਜਵਾਨ ਦੀ ਮੌਤ ਹੋ ਜਾਣ ਦੀ ਦੁਖਦਾਈ ਸੂਚਨਾ ਹੈ ਇਹ ਘਟਨਾ ਯੂਰੇਨੀਅਮ ਖੋਜ ਸਥਾਨ ‘ਤੇ ਵਾਪਰੀ ਦੱਸੀ ਜਾ ਰਹੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ 27 ਸਾਲਾ ਨੌਜਵਾਨ ਉਕਤ ਖੋਜ ਸਥਾਨ ‘ਤੇ ਕੰਮ ਕਰ ਰਿਹਾ ਸੀ, ਜਦੋਂ ਅਚਾਨਕ ਇੱਕ ਕਾਲੇ ਰਿੱਛ ਨੇ ਉਸ ‘ਤੇ ਹਮਲਾ ਕਰ ਦਿੱਤਾ। ਘਟਨਾ ਮਗਰੋਂ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ ਗਿਆ, ਪਰ ਨੌਜਵਾਨ ਦੀ ਜਾਨ ਨਹੀਂ ਬਚ ਸਕੀ। ਸਸਕਾਚਵਨ ਦੇ ਦੂਰ ਦੁਰੇਡੇ ਜੰਗਲੀ ਇਲਾਕੇ ਵਿੱਚ ਜੰਗਲੀ ਜੀਵਾਂ ਦੀ ਮੌਜੂਦਗੀ ਆਮ ਗੱਲ ਮੰਨੀ ਜਾਂਦੀ ਹੈ। ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕੰਮਕਾਜ ਵਾਲੀਆਂ ਥਾਵਾਂ ‘ਤੇ ਸੁਰੱਖਿਆ ਪ੍ਰਬੰਧਾਂ ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ। ਇਸ ਦੁਖਦਾਈ ਘਟਨਾ ਮਗਰੋਂ ਸਥਾਨਕ ਭਾਈਚਾਰੇ ਅਤੇ ਸਾਥੀ ਕਰਮਚਾਰੀਆਂ ਵਿੱਚ ਸੋਗ ਦਾ ਮਾਹੌਲ ਹੈ। ਕਈ ਲੋਕਾਂ ਵੱਲੋਂ ਮ੍ਰਿਤਕ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ।


ਕੈਨੇਡਾ ਦੇ ਜੰਗਲੀ ਖੇਤਰ ਵਿੱਚ ਘੁੰਮਦਾ ਇੱਕ ਕਾਲਾ ਰਿੱਛ।

# ਮਿਠਾਸ ਤੇ ਗੱਲਬਾਤ ਦਾ ਲਹਿਜ਼ਾ ਹੈ ਜ਼ੁਬਾਨ

ਸੋਹਣੇ ਤੇ ਨਰੋਏ ਵਿਚਾਰਾਂ ਨਾਲ ਹਮੇਸ਼ਾ ਮਨੁੱਖੀ ਮਨ ਤਰੋ ਤਾਜ਼ਾ ਮਹਿਸੂਸ ਕਰਦਾ ਹੈ।ਜੇ ਦਿਲ ਵਿੱਚ ਧਾਰ ਲਿਆ ਕਿ ਮੈਂ ਇਹ ਕੰਮ ਕਰਨਾ ਹੈ ਤਾਂ ਅਸੀਂ ਮਨ ਚਾਹਿਆ ਟੀਚਾ ਹਾਸਿਲ ਕਰ ਸਕਦੇ ਹਾਂ। ਆਹੀਂ ਦਿਲ ਸਾਨੂੰ ਗਲਤ ਰਾਹਾਂ ਤੇ ਵੀ ਕਈ ਵਾਰ ਤੋਰ ਦਿੰਦਾ ਹੈ। ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਹੜੇ ਰਾਹ ਵੱਲ ਵੱਧਣਾ ਹੈ। ਕੁੱਝ ਨਵਾਂ ਕਰਨ ਤੋਂ ਪਹਿਲਾਂ ਜਾਂ ਬੋਲਣ ਤੋਂ ਪਹਿਲਾਂ ਸੋਚ ਵਿਚਾਰ ਹਰ ਲੈਣਾ ਚਾਹੀਦਾ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਪਹਿਲਾ ਤੋਲੋ, ਫ਼ਿਰ ਬੋਲੋ। ਕਮਾਨੋ ਨਿਕਲਿਆ ਤੀਰ ਅਤੇ ਮੂੰਹੋਂ ਨਿਕਲੇ ਸ਼ਬਦ ਕਦੇ ਵੀ ਵਾਪਸ ਨਹੀਂ ਆਉਂਦੇ। ਅਕਸਰ ਕਹਿ ਵੀ ਦਿੱਤਾ ਜਾਂਦਾ ਹੈ ਕਿ ਇਹ ਜੁਬਾਨ ਤੁਹਾਨੂੰ ਅਰਸ਼ ਤੋਂ ਫਰਸ਼ ਜਾਂ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ। ਇਹਨਾਂ ਸਾਰੀਆਂ ਗੱਲਾਂ ਦਾ ਭਾਵ ਇਹੀ ਹੈ ਕਿ ਤੁਹਾਡੀ ਬੋਲ ਬਾਣੀ ਵਿੱਚ ਮਿਠਾਸ ਹੋਣੀ ਬਹੁਤ ਜਰੂਰੀ ਹੈ। ਇਹ ਬੋਲਬਾਣੀ ਤੁਹਾਡੇ ਮਿੱਤਰ ਜਾਂ ਦੁਸ਼ਮਣ ਬਣਾਉਣ ਲਈ ਕਾਫ਼ੀ ਹੁੰਦੀ ਹੈ। ਅਕਸਰ ਕਈ ਵਾਰ ਅਸੀਂ ਇਨਾ ਬੇਤੁਕਾ ਬੋਲ ਦਿੰਦੇ ਹਨ ਕਿ ਸਾਡੇ ਨੇੜੇ ਕੋਈ ਖੜਦਾ ਵੀ ਨਹੀਂ ਹੈ। ਸਿਆਣੇ ਕਹਿੰਦੇ ਵੀ ਹਨ ਕਿ ਤਲਵਾਰ ਦਾ ਜ਼ਖ਼ਮ ਤਾ ਭਰ ਜਾਂਦਾ ਹੈ, ਪਰ ਜੋ ਬੋਲ ਬੋਲੇ ਹੁੰਦੇ ਹਨ ਉਹ ਹਮੇਸ਼ਾ ਯਾਦ ਰਹਿੰਦੇ ਹਨ। ਮੂੰਹੋਂ ਕੱਢਣ ਤੋਂ ਪਹਿਲਾਂ ਹਰ ਗੱਲ ਤੇ ਵਿਚਾਰ ਜਰੂਰ ਕਰ ਲੈਣਾ ਚਾਹੀਦਾ ਹੈ। ਜਿੱਥੇ ਬੈਠੇ ਹੋਵੋ, ਉੱਥੇ ਪਹਿਲਾਂ ਸਾਰਿਆਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ, ਜਦੋਂ ਤੱਕ ਤੁਹਾਨੂੰ ਕਿਹਾ ਨਾ ਜਾਏ ਉਦੋਂ ਤੱਕ ਆਪਣਾ ਮੂੰਹ ਬੰਦ ਹੀ ਰੱਖੋ। ਕਹਿੰਦੇ ਵੀ ਹਨ ਕਿ ਜ਼ੁਬਾਨ ਵਿੱਚ ਕੋਈ ਹੱਡੀ ਨਹੀਂ ਹੁੰਦੀ, ਪਰ ਇਹੀ ਜ਼ੁਬਾਨ ਕਈਆਂ ਦੀ ਹੱਡੀਆਂ ਤੱਕ ਤੜਵਾ ਦਿੰਦੀ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ ,ਉਹਨਾ ਦੀ ਅੱਖਾਂ ਬਹੁਤ ਕੁਝ ਸਮਝਾ ਜਾਂਦੀਆਂ ਹਨ ।ਉਹ ਨਾ ਮਾਤਰ ਬੋਲਦੇ ਹਨ। ਜਦੋਂ ਅਸੀਂ ਕਿਥੇ ਬੈਠੇ ਹੁੰਦੇ ਹਾਂ, ਚਾਰ ਬੰਦਿਆਂ ਵਿੱਚ ਬੈਠਦੇ ਹਨ ਤਾਂ ਸਾਡੀ ਸ਼ਖਸ਼ੀਅਤ ਦਾ ਝੱਟ ਪਤਾ ਚੱਲ ਜਾਂਦਾ ਹੈ ਕਿ ਇਨਸਾਨ ਨੂੰ ਬੋਲ ਬਾਣੀ ਦੀ ਕਿੰਨੀ ਕੁ ਲਿਆਕਤ ਹੈ। ਬੋਲੋ ਜਰੂਰ! ਪਰ ਇੰਨਾ ਵੀ ਬੇਤੁਕਾ ਨਾ ਬੋਲੋ ਕਿ ਸਾਰੇ ਉੱਥੇ ਬੈਠੇ ਲੋਕ ਤੁਹਾਡੇ ਚੁੱਪ ਰਹਿਣ ਦਾ ਇੰਤਜ਼ਾਰ ਕਰਨ। ਗੁਰੂ ਸਾਹਿਬ ਜੀ ਨੇ ਵੀ ਫਰਮਾਇਆ ਹੈ ਕਿ ਸੰਵਾਦ ਨਾਲ ਹੀ ਜੀਵਨ ਜਾਂਚ ਆਉਂਦੀ ਹੈ। ਸਾਡੀ ਬੋਲ ਬਾਣੀ ਵਿੱਚ ਮਿਠਾਸ ਹੋਣੀ ਚਾਹੀਦੀ ਹੈ। ਕੌੜਾ ਜਾਂ ਮਾੜੇ ਬੋਲ ਬੋਲਣ ਨਾਲ ਸਾਡੇ ਨੇੜੇ ਕੋਈ ਖੜਦਾ ਵੀ ਨਹੀਂ ਹੈ । ਸਾਡੇ ਬੋਲ ਅਜਿਹੇ ਹੋਣੇ ਚਾਹੀਦੇ ਹਨ ਜੋ ਦੁੱਖੀ ਮਨਾਂ ਵਿੱਚ ਠੰਡ ਵਰਤਾਉਣ, ਭਾਵ ਰਿਸਦੇ ਜ਼ਖਮਾਂ ਤੇ ਜਿਸ ਤਰ੍ਹਾਂ ਹਲਦੀ ਦਾ ਲੇਪ ਲਗਾਉਂਦੇ ਹਨ, ਉਸ ਤਰ੍ਹਾਂ ਦੇ ਸਾਡੇ ਬੋਲ ਹੋਣੇ ਚਾਹੀਦੇ ਹਨ। ਪਹਿਲਾਂ ਸਾਹਮਣੇ ਵਾਲੀ ਦੀ ਗੱਲ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ। ਗੱਲ ਨੂੰ ਕਦੇ ਵੀ ਵਿੱਚ ਨਹੀਂ ਕੱਟਣਾ ਚਾਹੀਦਾ। ਹਰ ਇਨਸਾਨ ਨੂੰ ਇਸ ਧਰਤੀ ਤੇ ਰਹਿਣ ਦਾ ਹੱਕ ਹੈ। ਇਕੱਲੇ ਮਨੁੱਖੀ ਜਾਮੇ ਨੇ ਹੀ ਇੱਥੇ ਰਜਿਸਟਰੀ ਨਹੀਂ ਕਰਵਾ ਲਈ ਹੈ। ਕਿਸੇ ਨੂੰ ਤੰਗ ਪਰੇਸ਼ਾਨ ਕਰਕੇ ਅਸੀਂ ਕਦੇ ਵੀ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਸਮਾਜ ਵਿੱਚ ਸਾਡਾ ਕੀ ਕਰਤੱਵ ਹੈ ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ।ਸਾਡੀ ਬੋਲ ਬਾਣੀ ਆਦਰ ਮਾਣ ਸਤਿਕਾਰ ਵਾਲੀ ਹੋਣੀ ਚਾਹੀਦੀ ਹੈ। ਦੇਖੋ! ਇਸ ਦੇ ਸਾਨੂੰ ਕੋਈ ਖਰਚਾ ਵੀ ਨਹੀਂ ਕਰਨਾ ਪੈਂਦਾ ।ਸਾਡੀ ਸੰਗਤ ਕਿਹੋ ਜਿਹੀ ਹੈ ਇਹ ਬਹੁਤ ਜਿਆਦਾ ਨਿਰਭਰ ਕਰਦਾ ਹੈ। ਮਾੜੀ ਸੰਗਤ ਵਿੱਚ ਰਹਿ ਕੇ ਅਸੀਂ ਮਾੜੀ ਗੱਲਾਂ ਹੀ ਸਿੱਖਦੇ ਹਾਂ। ਜੈਸੀ ਸੰਗਤ ਕਰਾਂਗੇ, ਸਾਡੇ ਤੇ ਵੈਸਾ ਹੀ ਰੰਗ ਚੜੇਗਾ। ਇਸ ਕਰਕੇ ਸੋਹਣੇ ਤੇ ਚੰਗੇ ਬੋਲਾਂ ਵਾਲੇ ਦੋਸਤਾਂ ਵਿੱਚ ਬੈਠਣਾ ਚਾਹੀਦਾ ਹੈ। ਚੰਗੇ ਲੋਕਾਂ ਦੇ ਸੰਗ ਨਾਲ ਤੁਹਾਡੀ ਬੋਲ ਬਾਣੀ ਵਿੱਚ ਬਹੁਤ ਜ਼ਿਆਦਾ ਰਸ ਭਰ ਜਾਵੇਗਾ। ਸਮਾਜ ਵਿੱਚ ਧਨਾਢ ਪਦਾਰਥ ਵਸਤਾਂ ਵਿੱਚੋਂ ਜਿੰਦਗੀ ਲੱਭਦੇ ਹਨ। ਦੂਜੇ ਪਾਸੇ ਜਿਨਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਿਤ ਸਾਧਨ ਹੁੰਦੇ ਹਨ ਭਾਵ ਉਹਨਾਂ ਕੋਲ ਸਬਰ, ਸੰਤੋਖ ਅਹਿਮੀਅਤ ਵਰਗੇ ਗੁਣ ਸਪਸ਼ਟ ਦਿਖਾਈ ਦਿੰਦੇ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੈ ਕਿ ਪੈਸਾ ਗੁਜ਼ਾਰਨ ਲਈ ਹੁੰਦਾ ਹੈ, ਪਰ ਲੋਕਾਂ ਨੇ ਪੈਸੇ ਨੂੰ ਹੀ ਜ਼ਿੰਦਗੀ ਦਾ ਆਧਾਰ ਬਣਾ ਲਿਆ ਹੈ ।ਨਿਮ-ਰਤਾ ,ਪ੍ਰੀਤ ,ਪਿਆਰ ਸਹਿਣਸ਼ੀਲਤਾ ਸਾਦਗੀ ਮਨੁੱਖੀ ਗੁਣ ਅੱਜ ਦੀ ਜ਼ਿੰਦਗੀ ਵਿੱਚੋਂ ਮਨਫ਼ੀ ਹੋ ਰਹੇ ਹਨ। ਦਿਖਾਵੇ ਦੇ ਭਰਮ ਜਾਲ ਵਿੱਚ ਲੋਕ ਜੀਵਨ ਜਿਊਣਾ ਭੁੱਲ ਚੁੱਕੇ ਹਨ ।ਪਾਣੀ ਵਾਂਗੂ ਪੈਸਾ ਵਹਾ ਰਹੇ ਹਨ । ਲੱਖਾਂ ਲੱਖਾਂ ਰੁਪਏ ਵਿਆਹਾਂ ਸ਼ਾਦੀਆਂ ਤੇ ਰੋੜ ਦਿੱਤੇ ਜਾਂਦੇ ਹਨ।ਲਗਾਤਾਰ ਜ਼ਿੰਦਗੀ ਵਿੱਚੋਂ ਸਾਦਗੀ ਖਤਮ ਹੁੰਦੀ ਜਾ ਰਹੀ ਹੈ। ਅਜਿਹੀ ਸਮਾਜ ਵਿੱਚ ਪਿਰਤਾਂ ਪਾ ਦਿੱਤੀਆਂ ਹਨ ਕਿ ਪੂਰਾ ਸਮਾਜ ਇਸ ਦੀ ਜਕੜ ਵਿੱਚ ਆ ਚੁੱਕਾ ਹੈ। ਮੱਧ ਵਰਗੀ ਤੇ ਸੀਮਿਤ ਸਾਧਨਾਂ ਵਾਲੇ ਲੋਕਾਂ ਨੂੰ ਵੀ ਸਮਾਗਮਾਂ ਵਿੱਚ ਆਪਣੀ ਔਕਾਤ ਤੋਂ ਵੱਧ ਖਰਚਾ ਕਰਨਾ ਪੈ ਰਿਹਾ ਹੈ। ਝੂਠੀ ਸ਼ਾਨੋ ਸ਼ੋਕਤ ਤੇ ਦਿਖਾਵੇ ਲਈ ਕਰਜ਼ਾ ਚੁੱਕਣ ਤੋਂ ਵੀ ਲੋਕ ਗੁਰੇਜ਼ ਨਹੀਂ ਕਰਦੇ ਹਨ। ਦਿਖਾਵੇ ਦੀ ਅੰਨ੍ਹੀ ਦੌੜ ਵਿੱਚ ਕੁਝ ਘੰਟਿਆਂ ਵਿੱਚ ਹੀ ਮੈਰਿਜ ਪੈਲਸਾਂ ਵਿੱਚ ਪਾਣੀ ਦੀ ਤਰ੍ਹਾਂ ਪੈਸਾ ਵਹਾ ਦਿੱਤਾ ਜਾਂਦਾ ਹੈ। ਪੈਸਾ ਸੁੱਖ, ਸਹੂਲਤਾਂ ਪਦਾਰਥਿਕ ਲੋੜਾਂ ਲਈ ਹੁੰਦਾ ਹੈ। ਠੀਕ ਹੈ ਕੋਈ ਬਿਮਾਰੀ, ਸਿਹਤ ਤੇ ਖਰਚਣ ਲਈ ਪੈਸਾ ਹੋਣਾ ਬਹੁਤ ਜਰੂਰੀ ਹੈ। ਪੈਸੇ ਨਾਲ ਤੁਸੀਂ ਸੁੱਖ , ਸਹਿਜਤਾ ਭਰੀ ਜ਼ਿੰਦਗੀ, ਸਕੂਨ, ਚੈਨ ਨਹੀਂ ਖਰੀਦ ਸਕਦੇ। ਆਮ ਦੇਖਣ ਵਿੱਚ ਆਉਂਦਾ ਹੈ ਕਿ ਲੋਕਾਂ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਹੈ। ਦਵਾਈਆਂ ਲੈ ਕੇ ਸੌਂਦੇ ਹਨ। ਕਰੋੜਾਂ ਦੀ ਜਾਇਦਾਦ ਹੋਣ ਦੇ ਬਾਵਜ਼ੂਦ ਵੀ ਰਾਤ ਨੂੰ ਅੱਖ ਤੱਕ ਨਹੀਂ ਲੱਗਦੀ ਹੈ । ਮੌਤ ਇੱਕ ਦਿਨ ਸਾਰਿਆਂ ਨੂੰ ਹੀ ਆਉਣੀ ਹੈ। ਚਾਹੇ ਕੋਈ ਅਰਬਪਤੀ ਕਿਉਂ ਨਾ ਹੋਵੇ? ਪੌਣੇ ਦੋ ਮੀਟਰ ਕੱਪੜਾ ਸਾਰਿਆਂ ਤੇ ਹੀ ਪੈਣਾ ਹੈ ।ਜਾਣਾ ਸਾਰਿਆਂ ਨੇ ਉਸੇ ਰਸਤੇ ਹੈ ।ਚਾਹੇ ਕੋਈ ਅਮੀਰ ਹੈ ,ਚਾਹੇ ਕੋਈ ਗਰੀਬ ਹੈ। ਅਸੀਂ ਇੱਥੇ ਕੋਈ ਪੱਕੀ ਰਜਿਸਟਰੀ ਨਹੀਂ ਕਰਵਾ ਲਈ ਹੈ। ਕੁਦਰਤ ਦੇ ਸਾਰੇ ਬਣਾਏ ਹੋਏ ਜੀਵ ਜੰਤੂਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ।ਜ਼ਿੰਦਗੀ ਵਿੱਚ ਤੁਸੀਂ ਅਜਿਹੇ ਦੋਸਤ ਜਰੂਰ ਬਣਾਓ ,ਜੋ ਤੁਹਾਡੀ ਕਦਰ ਕਰਨ। ਦੋਸਤਾਂ ਨੂੰ ਪਿਆਰ ਕਰੋ । ਜਰੂਰਤਮੰਦ ਦੀ ਮਦਦ ਕਰੋ।ਆਪਣੇ ਪਰਿਵਾਰ ਨੂੰ ਪਿਆਰ ਕਰੋ ।ਚੰਗੇ ਦੋਸਤਾਂ ਨਾਲ ਕਦੇ ਵੀ ਧੋਖਾ ਬੇਇਮਾਨੀ ਨਾ ਕਰੋ ,ਇਹ ਇੱਕ ਸੱਚਾਈ ਹੈ। ਪਿਆਰ, ਨਿਮਰਤਾ, ਸਹਿਣਸ਼ੀਲਤਾ ਵਿੱਚ ਰਹੋ।






**ਸੰਜੀਵ ਸਿੰਘ ਸੈਣੀ, ਮੋਹਾਲੀ,7888966168**

# ਪਰਿਵਾਰਾਂ ਦੀ ਏਕਤਾ ਨਾਲ ਹੀ ਮਹਿਕਦਾ ਸਮਾਜ



ਅੱਜ ਦੇ ਤੇਜ਼ ਰਫ਼ਤਾਰ ਅਤੇ ਸਵਾਰਥੀ ਯੁੱਗ ਵਿੱਚ ਜਿੱਥੇ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਅਤੇ ਲੋੜਾਂ ਦੀ ਭੀੜ ਵਿੱਚ ਜਕੜਿਆ ਹੋਇਆ ਹੈ, ਉੱਥੇ ਹੀ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਹੌਲੀ-ਹੌਲੀ ਘਟਦੀ ਜਾ ਰਹੀ ਹੈ। ਇੱਕ ਸਮਾਂ ਸੀ ਜਦੋਂ ਇੱਕ ਹੀ ਛੱਤ ਹੇਠ ਦਾਦਾ-ਦਾਦੀ, ਚਾਚੇ-ਤਾਏ, ਭੈਣ-ਭਰਾ ਅਤੇ ਬੱਚੇ ਇਕੱਠੇ ਰਹਿੰਦੇ ਸਨ। ਘਰ ਸਿਰਫ਼ ਇੱਟਾਂ ਦਾ ਮਕਾਨ ਨਹੀਂ ਹੁੰਦਾ ਸੀ, ਸਗੋਂ ਪਿਆਰ, ਸਤਿਕਾਰ ਅਤੇ ਆਪਣੇਪਣ ਨਾਲ ਭਰਿਆ ਹੋਇਆ ਇੱਕ ਸੋਹਣਾ ਸੰਸਾਰ ਹੁੰਦਾ ਸੀ। ਪਰ ਸਮੇਂ ਦੀ ਬਦਲਦੀ ਚਾਲ, ਪੱਛਮੀ ਪ੍ਰਭਾਵ ਅਤੇ ਵਧਦੇ ਸਵਾਰਥ ਨੇ ਮਨੁੱਖ ਨੂੰ ਇਕੱਲੇਪਨ ਵੱਲ ਧੱਕ ਦਿੱਤਾ। ਅੱਜ ਵੱਡੇ-ਵੱਡੇ ਮਕਾਨ ਤਾਂ ਜਰੂਰ ਬਣ ਗਏ ਹਨ, ਪਰ ਉਹਨਾਂ ਵਿੱਚ ਰਹਿਣ ਵਾਲਿਆ ਦੀ ਗਿਣਤੀ ਘੱਟ ਹੋ ਗਈ।

ਹਰੇਕ ਸਾਲ 15 ਮਈ ਨੂੰ ਸੰਸਾਰ ਭਰ 'ਚ "ਅੰਤਰਰਾਸ਼ਟਰੀ ਪਰਿਵਾਰ ਦਿਵਸ" ਮਨਾਇਆ ਜਾਂਦਾ ਹੈ। ਇਸ ਦਿਵਸ ਦੀ ਸ਼ੁਰੂਆਤ ਸੰਯੁਕਤ ਰਾਸ਼ਟਰ ਵੱਲੋਂ 1993 ਵਿੱਚ ਕੀਤੀ ਗਈ ਸੀ ਤਾਂ ਜੋ ਲੋਕਾਂ ਨੂੰ ਪਰਿਵਾਰ ਦੇ ਮਹੱਤਵ ਅਤੇ ਉਸ ਦੀ ਮਜ਼ਬੂਤੀ ਬਾਰੇ ਜਾਗਰੂਕ ਕੀਤਾ ਜਾ ਸਕੇ। ਕਿਉਂਕਿ ਪਰਿਵਾਰ ਹੀ ਮਨੁੱਖ ਦੀ ਜ਼ਿੰਦਗੀ ਦੇ ਪਹਿਲੇ ਸਬਕ ਹੁੰਦੇ ਹਨ ਅਤੇ ਉੱਥੋਂ ਹੀ ਮਨੁੱਖ ਪਿਆਰ, ਸਹਿਯੋਗ, ਸਤਿਕਾਰ ਅਤੇ ਸੰਸਕਾਰਾਂ ਦੀ ਸਿੱਖਿਆ ਲੈਂਦਾ ਹੈ। ਜਿਹੜਾ ਸਮਾਜ ਆਪਣੇ ਪਰਿਵਾਰਾਂ ਨੂੰ ਮਜ਼ਬੂਤ ਰੱਖਦਾ ਹੈ, ਉਹੀ ਸਮਾਜ ਹਮੇਸ਼ਾਂ ਤਰੱਕੀ ਕਰਦਾ ਹੈ।

ਪ੍ਰਾਚੀਨ ਸਮਿਆਂ ਵਿੱਚ ਵੀ ਮਨੁੱਖ ਜੰਗਲਾਂ ਅਤੇ ਕਬੀਲਿਆਂ ਵਿੱਚ ਰਹਿੰਦਾ ਸੀ। ਉਹ ਸਮਝਦਾ ਸੀ ਕਿ ਇਕੱਠਿਆਂ ਰਹਿਣ ਵਿੱਚ ਹੀ ਸੁਰੱਖਿਆ ਅਤੇ ਤਾਕਤ ਹੈ। ਸਮੇਂ ਦੇ ਨਾਲ ਪਰਿਵਾਰਾਂ ਦੀ ਬਣਤਰ ਬਦਲਦੀ ਗਈ ਅਤੇ ਹੁਣ ਹਾਲਤ ਇਹ ਹੋ ਗਏ ਕਿ ਪਰਿਵਾਰ ਦੋ ਕਮਰਿਆਂ ਤੱਕ ਸੀਮਿਤ ਹੋ ਕੇ ਰਹਿ ਗਏ। ਮਾਂ-ਪਿਉ ਇੱਕ ਪਾਸੇ, ਪੁੱਤਰ-ਨਹੂਆਂ ਦੂਜੇ ਪਾਸੇ ਅਤੇ ਭਰਾ ਆਪਸ ਵਿੱਚ ਵੱਖਰੇ ਹੋ ਗਏ ਹਨ। ਰਿਸ਼ਤਿਆਂ ਵਿੱਚ ਪਿਆਰ ਦੀ ਥਾਂ ਨਫ਼ਰਤ ਨੇ ਲੈ ਲਈ। ਇਹੀ ਕਾਰਨ ਹੈ ਕਿ ਅੱਜ ਮਨੁੱਖ ਕੋਲ ਧਨ-ਦੌਲਤ ਹੋਣ ਦੇ ਬਾਵਜੂਦ ਮਨ ਦੀ ਸ਼ਾਂਤੀ ਨਹੀਂ ਰਹੀ।

ਸਾਂਝੇ ਪਰਿਵਾਰ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਮਨੁੱਖ ਨੂੰ ਇਕੱਲਾ ਨਹੀਂ ਹੋਣ ਦਿੰਦਾ। ਅੱਜ ਦੇ ਸਮੇਂ ਵਿੱਚ ਇਕੱਲਾਪਣ ਇੱਕ ਵੱਡੀ ਮਾਨਸਿਕ ਸਮੱਸਿਆ ਬਣਦਾ ਜਾ ਰਿਹਾ ਹੈ। ਇੱਕਲੇ ਪਰਿਵਾਰਾਂ ਵਿੱਚ ਰਹਿਣ ਵਾਲੇ ਲੋਕ ਅਕਸਰ ਤਣਾਅ, ਚਿੰਤਾ ਅਤੇ ਉਦਾਸੀ ਦਾ ਸ਼ਿਕਾਰ ਹੋ ਜਾਂਦੇ ਹਨ। ਜਦਕਿ ਸਾਂਝੇ ਪਰਿਵਾਰ ਵਿੱਚ ਹਰ ਵੇਲੇ ਕੋਈ ਨਾ ਕੋਈ ਆਪਣੇ ਨਾਲ ਖੜ੍ਹਾ ਮਿਲਦਾ ਹੈ। ਜੇਕਰ ਘਰ ਦਾ ਕੋਈ ਮੈਂਬਰ ਬਿਮਾਰ ਪੈ ਜਾਵੇ ਜਾਂ ਕਿਸੇ ਮੁਸੀਬਤ ਵਿੱਚ ਫਸ ਜਾਵੇ ਤਾਂ ਸਾਰਾ ਪਰਿਵਾਰ ਉਸ ਦਾ ਸਹਾਰਾ ਬਣਦਾ ਹੈ। ਇਹ ਸਾਥ ਅਤੇ ਹੌਸਲਾ ਮਨੁੱਖ ਨੂੰ ਹਰ ਮੁਸ਼ਕਲ ਨਾਲ ਲੜਨ ਦੀ ਤਾਕਤ ਦਿੰਦਾ ਹੈ। ਮਹਿੰਗਾਈ ਦੇ ਇਸ ਯੁੱਗ ਵਿੱਚ ਵੀ ਸਾਂਝੇ ਪਰਿਵਾਰ ਦੀ ਮਹੱਤਤਾ ਬਹੁਤ ਵੱਧ ਜਾਂਦੀ ਹੈ। ਇਕੱਠੇ ਰਹਿਣ ਨਾਲ ਘਰੇਲੂ ਖ਼ਰਚ ਘੱਟ ਹੁੰਦਾ ਹੈ। ਰਸੋਈ ਇੱਕ ਹੋਵੇ ਤਾਂ ਰੋਟੀ ਦਾ ਖ਼ਰਚ ਵੀ ਘੱਟ ਹੁੰਦਾ ਹੈ ਅਤੇ ਪਿਆਰ ਵੀ ਵਧਦਾ ਹੈ। ਇਕੱਠੇ ਬੈਠ ਕੇ ਖਾਣਾ ਖਾਣ ਨਾਲ ਪਰਿਵਾਰਕ ਮੈਂਬਰਾਂ ਵਿਚ ਨੇੜਤਾ ਬਣੀ ਰਹਿੰਦੀ ਹੈ। ਉਹ ਇੱਕ ਦੂਜੇ ਦੇ ਦੁੱਖ-ਸੁੱਖ ਨੂੰ ਸਮਝਦੇ ਹਨ ਅਤੇ ਦਿਲਾਂ ਵਿੱਚ ਪਿਆਰ ਬਣਿਆ ਰਹਿੰਦਾ ਹੈ। ਅੱਜ ਜਿੱਥੇ ਲੋਕ ਇੱਕਲੇ ਹੋਣ ਕਾਰਨ ਮੋਬਾਈਲਾਂ ਤੋਂ ਸੁੱਖ ਲੱਭ ਰਹੇ ਹਨ, ਉੱਥੇ ਸਾਂਝੇ ਪਰਿਵਾਰ ਦੀ ਇੱਕ ਰਾਤ ਵਾਲੀ ਹਾਸੇ-ਮਜ਼ਾਕ ਭਰੀ ਗੱਲਬਾਤ ਹੀ ਮਨ ਨੂੰ ਅਸਲ ਖੁਸ਼ੀ ਦੇ ਸਕਦੀ ਹੈ। ਸਾਂਝੇ ਪਰਿਵਾਰ ਬੱਚਿਆਂ ਦੇ ਚੰਗੇ ਸੰਸਕਾਰਾਂ ਦੀ ਵੀ ਵੱਡਾ ਸਕੂਲ ਹੁੰਦੇ ਹਨ। ਦਾਦਾ-ਦਾਦੀ ਦੀਆਂ ਕਹਾਣੀਆਂ, ਮਾਪਿਆਂ ਦੀ ਸਿੱਖਿਆ ਅਤੇ ਵੱਡਿਆਂ ਦਾ ਅਨੁਭਵ ਬੱਚਿਆਂ ਨੂੰ ਜੀਵਨ ਜਿਉਣ ਦਾ ਅਸਲ ਸਲੀਕਾ ਸਿਖਾਉਂਦਾ ਹੈ। ਅਜਿਹੇ ਪਰਿਵਾਰਾਂ ਵਿੱਚ ਪਲਣ ਵਾਲੇ ਬੱਚਿਆਂ ਵਿੱਚ ਸਾਂਝ, ਸਹਿਯੋਗ, ਹਮਦਰਦੀ ਅਤੇ ਵੱਡਿਆਂ ਦਾ ਸਤਿਕਾਰ ਕਰਨ ਦੀ ਭਾਵਨਾ ਆਪਣੇ ਆਪ ਪੈਦਾ ਹੋ ਜਾਂਦੀ ਹੈ। ਉਹ ਮੋਬਾਈਲਾਂ ਦੀ ਦੁਨੀਆ ਵਿੱਚ ਗੁੰਮ ਹੋਣ ਦੀ ਬਜਾਏ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਂਦੇ ਹਨ। ਇਕੱਠਿਆਂ ਖੇਡਣ ਅਤੇ ਰਹਿਣ ਨਾਲ ਉਹਨਾਂ ਵਿੱਚ ਸ਼ਰੀਰਕ ਅਤੇ ਮਾਨਸਿਕ ਤਾਕਤ ਵੀ ਵਧਦੀ ਹੈ।

ਅੱਜ ਸਮਾਜ ਵਿੱਚ ਵਧ ਰਹੇ ਬੁਜ਼ੁਰਗ ਆਸ਼ਰਮ ਅਤੇ ਟੁੱਟਦੇ ਰਿਸ਼ਤੇ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਅਸੀਂ ਕਿੱਥੇ ਗਲਤ ਹੋ ਰਹੇ ਹਾਂ। ਜਿਹੜੇ ਮਾਪੇ ਸਾਰੀ ਉਮਰ ਆਪਣੇ ਬੱਚਿਆਂ ਲਈ ਤਕਲੀਫਾਂ ਸਹਿੰਦੇ ਹਨ, ਉਹੀ ਬੁਢੇਪੇ ਵਿੱਚ ਇਕੱਲੇ ਰਹਿ ਜਾਂਦੇ ਹਨ। ਇਹ ਹਾਲਤ ਸਾਡੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਜੇ ਅਸੀਂ ਦੁਬਾਰਾ ਸਾਂਝੇ ਪਰਿਵਾਰਾਂ ਦੀ ਪ੍ਰਥਾ ਨੂੰ ਅਪਣਾਈਏ ਤਾਂ ਬਹੁਤ ਸਾਰੀਆਂ ਸਮਾਜਿਕ ਅਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਨਿਕਲ ਸਕਦਾ ਹੈ। ਸਾਂਝਾ ਪਰਿਵਾਰ ਸਿਰਫ਼ ਇਕੱਠੇ ਰਹਿਣ ਦਾ ਨਾਮ ਨਹੀਂ, ਸਗੋਂ ਦਿਲਾਂ ਦੇ ਮਿਲਾਪ ਦਾ ਨਾਮ ਹੈ। ਜਿੱਥੇ ਆਪਸੀ ਵਿਸ਼ਵਾਸ, ਪਿਆਰ ਅਤੇ ਸਤਿਕਾਰ ਹੁੰਦਾ ਹੈ, ਉੱਥੇ ਘਰ ਸੱਚਮੁੱਚ ਇੱਕ ਜੰਨਤ ਬਣ ਜਾਂਦਾ ਹੈ। ਜੇ ਭੈਣ-ਭਰਾ, ਚਾਚੇ-ਤਾਏ ਅਤੇ ਦਾਦਾ-ਦਾਦੀ ਇਕੱਠੇ ਰਹਿਣ ਤਾਂ ਘਰ ਫੁੱਲਾਂ ਦੀ ਕਿਆਰੀ ਵਾਂਗ ਮਹਿਕਦਾ ਹੈ। ਅਜਿਹੇ ਪਰਿਵਾਰ ਸਮਾਜ ਵਿੱਚ ਪਿਆਰ ਅਤੇ ਅਪਣੱਤ ਦੀਆਂ ਸੁਗੰਧੀਆਂ ਫੈਲਾਉਂਦੇ ਹਨ। ਅੱਜ ਅੰਤਰਰਾਸ਼ਟਰੀ ਪਰਿਵਾਰ ਦਿਵਸ ਮੌਕੇ ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਰਿਸ਼ਤਿਆਂ ਨੂੰ ਮਜ਼ਬੂਤ ਬਣਾਵਾਂਗੇ, ਵੱਡਿਆਂ ਦਾ ਸਤਿਕਾਰ ਕਰਾਂਗੇ ਅਤੇ ਸਵਾਰਥ ਦੀਆਂ ਕੰਧਾਂ ਢਾਹ ਕੇ ਦੁਬਾਰਾ ਸਾਂਝੇ ਪਰਿਵਾਰਾਂ ਦੀ ਮਹਿਕ ਨੂੰ ਜੀਉਂਦਾ ਕਰਾਂਗੇ। ਕਿਉਂਕਿ ਜਿੱਥੇ ਪਰਿਵਾਰ ਇਕੱਠੇ ਹੁੰਦੇ ਹਨ, ਉੱਥੇ ਖੁਸ਼ੀਆਂ ਆਪਣੇ ਆਪ ਦੌੜੀਆਂ ਆਉਂਦੀਆ ਹਨ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਸਫ਼ਾਈ ਸੇਵਕ: ਸ਼ਹਿਰ ਦੀ ਰੂਹ ਨੂੰ ਸਾਫ਼ ਕਰਨ ਵਾਲੇ 'ਅਣਡਿੱਠੇ' ਦੇਵਤੇ

ਜਦੋਂ ਸਾਰਾ ਸ਼ਹਿਰ ਗੂੜ੍ਹੀ ਨੀਂਦ ਦੀ ਬੁੱਕਲ ਵਿੱਚ ਸੁੱਤਾ ਹੁੰਦਾ ਹੈ, ਜਦੋਂ ਸੁਪਨਿਆਂ ਦੀ ਲੋਰੀ ਅਜੇ ਲੋਕਾਂ ਦੀਆਂ ਅੱਖਾਂ ਵਿੱਚ ਤੈਰ ਰਹੀ ਹੁੰਦੀ ਹੈ, ਉਦੋਂ ਕੁਝ ਨੰਗੇ ਪੈਰ ਅਤੇ ਮੈਲੇ ਹੱਥ ਗਲੀਆਂ ਦੀ ਹਿੱਕ 'ਤੇ ਝਾੜੂ ਦੀ ਆਵਾਜ਼ ਨਾਲ ਇੱਕ ਨਵਾਂ ਸੂਰਜ ਉਗਾਉਣ ਦੀ ਕੋਸ਼ਿਸ਼ ਕਰਦੇ ਹਨ।

ਇਹ ਝਾੜੂ ਦੀ ਆਵਾਜ਼ ਮਹਿਜ਼ ਸਫ਼ਾਈ ਦੀ ਦਸਤਕ ਨਹੀਂ, ਸਗੋਂ ਉਸ ਮਨੁੱਖ ਦੀ ਇੱਕ ਚੁੱਪ ਚੀਖ਼ ਹੈ, ਜੋ ਸਾਡੇ ਆਲੇ-ਦੁਆਲੇ ਨੂੰ ਲਿਸ਼ਕਾਉਣ ਲਈ ਆਪਣੀ ਹਸਤੀ ਨੂੰ ਗੰਦਗੀ ਦੇ ਢੇਰਾਂ ਵਿੱਚ ਦਫ਼ਨ ਕਰ ਦਿੰਦਾ ਹੈ। ਜਿਸ ਨੂੰ ਅਸੀਂ 'ਸਫ਼ਾਈ ਸੇਵਕ' ਕਹਿੰਦੇ ਹਾਂ, ਅਸਲ ਵਿੱਚ ਉਹ ਇਸ ਸਭਿਅਤਾ ਦਾ ਸਭ ਤੋਂ ਵੱਡਾ ਗੁਮਨਾਮ ਸ਼ਹੀਦ ਹੈ। ਆਪਣੀ ਹਸਤੀ ਦਾ ਤਿਆਗ: ਇੱਕ ਸਫ਼ਾਈ ਸੇਵਕ ਸਮਾਜ ਨੂੰ ਸਿਰਫ਼ ਸਾਫ਼ ਗਲੀਆਂ ਹੀ ਨਹੀਂ ਦਿੰਦਾ, ਸਗੋਂ ਉਹ ਸਾਨੂੰ 'ਸਿਹਤ' ਦਾ ਦਾਨ ਦਿੰਦਾ ਹੈ। ਅਸੀਂ ਜਿਸ ਗੰਦਗੀ ਨੂੰ ਵੇਖ ਕੇ ਨੱਕ ਚਾੜ੍ਹਦੇ ਹਾਂ, ਜਿਸ ਬਦਬੂ ਤੋਂ ਬਚਣ ਲਈ ਅਸੀਂ ਆਪਣੇ ਘਰਾਂ ਦੇ ਬੂਹੇ ਭੇੜ ਲੈਂਦੇ ਹਾਂ, ਉਹ ਮਨੁੱਖ ਉਸੇ ਬਦਬੂ ਨੂੰ ਆਪਣੇ ਸਾਹਾਂ ਵਿੱਚ ਘੋਲਦਾ ਹੈ। ਉਹ ਸਾਡੇ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਆਪਣੇ ਬੱਚਿਆਂ ਦੀਆਂ ਖੁਸ਼ੀਆਂ ਕੂੜੇ ਦੇ ਢੇਰਾਂ ਵਿੱਚ ਲੱਭਦਾ ਹੈ। ਜੇਕਰ ਇੱਕ ਦਿਨ ਵੀ ਇਹ 'ਕੂੜੇ ਦੇ ਰਿਸ਼ੀ' ਆਪਣਾ ਹੱਥ ਰੋਕ ਲੈਣ, ਤਾਂ ਸਾਡੇ ਆਧੁਨਿਕ ਸ਼ਹਿਰਾਂ ਦਾ ਸਾਰਾ ਹੰਕਾਰ ਕੂੜੇ ਦੇ ਢੇਰਾਂ ਹੇਠ ਦੱਬਿਆ ਜਾਵੇਗਾ।

ਨਿਗੂਣੀ ਤਨਖਾਹ, ਮੁੜ੍ਹਕੇ ਦਾ ਅਪਮਾਨ: ਇਸ ਮਹਾਨ ਸੇਵਾ ਦੇ ਬਦਲੇ ਅਸੀਂ ਉਸ ਨੂੰ ਕੀ ਦਿੰਦੇ ਹਾਂ? ਨਿਗੂਣੀ ਜਿਹੀ ਤਨਖਾਹ, ਜੋ ਮਹਿੰਗਾਈ ਦੇ ਇਸ ਕਹਿਰ ਵਿੱਚ ਇੱਕ ਦਿਨ ਦੇ ਰਾਸ਼ਨ ਲਈ ਵੀ ਛੋਟੀ ਪੈ ਜਾਂਦੀ ਹੈ। ਉਹ ਮਨੁੱਖ ਜੋ ਸ਼ਹਿਰ ਦੀ ਗੰਦਗੀ ਚੁੱਕਦਾ ਹੈ, ਸ਼ਾਮ ਨੂੰ ਆਪਣੇ ਘਰ ਦੀ ਆਰਥਿਕ ਤੰਗੀ ਦੀ ਗੰਦਗੀ ਸਾਫ਼ ਨਹੀਂ ਕਰ ਪਾਉਂਦਾ। ਉਸ ਦੇ ਮੁੜ੍ਹਕੇ ਦੀ ਕੀਮਤ ਪਾਣੀ ਨਾਲੋਂ ਵੀ ਸਸਤੀ ਲਾਈ ਗਈ ਹੈ। ਉਸ ਦੀਆਂ ਅੱਖਾਂ ਵਿੱਚ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੇ ਸੁਪਨੇ ਤਾਂ ਹਨ, ਪਰ ਜੇਬ ਵਿੱਚ ਪਈਆਂ ਕੁਝ ਖੋਟੀਆਂ ਰੇਜਗੀਆਂ ਉਨ੍ਹਾਂ ਸੁਪਨਿਆਂ ਦਾ ਗਲਾ ਘੁੱਟ ਦਿੰਦੀਆਂ ਹਨ।

ਕੱਚੇ ਕਾਮੇ ਅਤੇ ਲਾਰਿਆਂ ਦੀ ਸਿਆਸਤ: ਸਭ ਤੋਂ ਵੱਧ ਦਰਦ ਉਸ ਵੇਲੇ ਹੁੰਦਾ ਹੈ ਜਦੋਂ ਸਿਆਸੀ ਮੰਚਾਂ ਤੋਂ ਇਨ੍ਹਾਂ ਨੂੰ 'ਕਰਮਯੋਗੀ' ਕਹਿ ਕੇ ਵਡਿਆਇਆ ਜਾਂਦਾ ਹੈ, ਪਰ ਅਸਲੀਅਤ ਵਿੱਚ ਇਨ੍ਹਾਂ ਨੂੰ 'ਕੱਚੇ ਕਾਮਿਆਂ' ਦੀ ਜੰਜੀਰ ਵਿੱਚ ਜਕੜ ਕੇ ਰੱਖਿਆ ਜਾਂਦਾ ਹੈ। ਦਹਾਕਿਆਂ ਤੋਂ ਪੱਕੇ ਹੋਣ ਦੀ ਉਡੀਕ ਵਿੱਚ ਇਨ੍ਹਾਂ ਦੀਆਂ ਪਲਕਾਂ ਚਿੱਟੀਆਂ ਹੋ ਗਈਆਂ ਹਨ। ਚੋਣਾਂ ਆਉਂਦੀਆਂ ਹਨ, ਵਾਅਦਿਆਂ ਦੀਆਂ ਬਾਰਿਸ਼ਾਂ ਹੁੰਦੀਆਂ ਹਨ, ਪੱਕੇ ਕਰਨ ਦੇ 'ਲਾਰੇ' ਦਿੱਤੇ ਜਾਂਦੇ ਹਨ, ਪਰ ਸੱਤਾ ਦੀ ਕੁਰਸੀ ਮਿਲਦਿਆਂ ਹੀ ਇਹ ਲੋਕ ਫਿਰ ਤੋਂ ਅਣਗੌਲੇ ਕਰ ਦਿੱਤੇ ਜਾਂਦੇ ਹਨ। ਇਹ ਕਿਹੜਾ ਇਨਸਾਫ਼ ਹੈ ਕਿ ਜੋ ਪੂਰੇ ਸ਼ਹਿਰ ਨੂੰ ਪੱਕੀ ਸਿਹਤ ਦਿੰਦਾ ਹੈ, ਉਸ ਦੀ ਆਪਣੀ ਨੌਕਰੀ ਹੀ ਕੱਚੀ ਹੈ?

ਮੌਤ ਦੇ ਗਟਰ ਅਤੇ ਸਾਡੀ ਬੇਰੁਖ਼ੀ: ਜਦੋਂ ਕੋਈ ਸਫ਼ਾਈ ਸੇਵਕ ਸੀਵਰੇਜ ਦੇ ਗਟਰ ਵਿੱਚ ਉਤਰਦਾ ਹੈ, ਤਾਂ ਉਹ ਸਿਰਫ਼ ਗੰਦਗੀ ਸਾਫ਼ ਕਰਨ ਨਹੀਂ ਉਤਰਦਾ, ਸਗੋਂ ਉਹ ਮੌਤ ਦੇ ਖੂਹ ਵਿੱਚ ਉਤਰਦਾ ਹੈ। ਉਸ ਦੇ ਫੇਫੜਿਆਂ ਵਿੱਚ ਸਾਡੇ ਆਰਾਮਦਾਇਕ ਜੀਵਨ ਦੀਆਂ ਜ਼ਹਿਰੀਲੀਆਂ ਗੈਸਾਂ ਭਰ ਜਾਂਦੀਆਂ ਹਨ। ਕਈ ਵਾਰ ਉਹ ਉੱਥੋਂ ਵਾਪਸ ਨਹੀਂ ਆਉਂਦਾ। ਸਾਡੇ ਲਈ ਉਹ ਸਿਰਫ਼ ਇੱਕ 'ਅੰਕੜਾ' ਬਣ ਕੇ ਰਹਿ ਜਾਂਦਾ ਹੈ, ਪਰ ਇੱਕ ਪਰਿਵਾਰ ਲਈ ਉਸ ਦਾ 'ਸੂਰਜ' ਹਮੇਸ਼ਾ ਲਈ ਡੁੱਬ ਜਾਂਦਾ ਹੈ। ਬਿਨਾਂ ਕਿਸੇ ਸੁਰੱਖਿਆ ਉਪਕਰਨ ਦੇ, ਆਪਣੀ ਜਾਨ ਨੂੰ ਤਲੀ 'ਤੇ ਰੱਖ ਕੇ ਕੰਮ ਕਰਨ ਵਾਲਾ ਇਹ ਮਜ਼ਦੂਰ ਅੱਜ ਵੀ ਸਮਾਜਿਕ ਸਤਿਕਾਰ ਲਈ ਤਰਸ ਰਿਹਾ ਹੈ।

ਸਾਡਾ ਸਮਾਜ ਉਦੋਂ ਤੱਕ ਸੱਭਿਅਕ ਨਹੀਂ ਕਹਾ ਸਕਦਾ, ਜਦੋਂ ਤੱਕ ਸਫ਼ਾਈ ਕਰਨ ਵਾਲੇ ਹੱਥਾਂ ਨੂੰ ਅਸੀਂ ਮਾਣ-ਸਤਿਕਾਰ ਅਤੇ ਬਣਦਾ ਹੱਕ ਨਹੀਂ ਦਿੰਦੇ। ਇਹ ਸਿਰਫ਼ ਪੈਸੇ ਦੀ ਗੱਲ ਨਹੀਂ, ਇਹ ਇਨਸਾਨੀਅਤ ਦੀ ਗੱਲ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ 'ਲਾਰਿਆਂ' ਦਾ ਸਿਆਪਾ ਛੱਡ ਕੇ ਇਨ੍ਹਾਂ ਕਾਮਿਆਂ ਨੂੰ ਪੱਕੀਆਂ ਨੌਕਰੀਆਂ ਅਤੇ ਸਨਮਾਨਜਨਕ ਤਨਖਾਹਾਂ ਦੇਣ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀਆਂ ਉੱਚੀਆਂ ਇਮਾਰਤਾਂ ਦੀ ਨੀਂਹ ਵਿੱਚ ਇਨ੍ਹਾਂ ਸਫ਼ਾਈ ਸੇਵਕਾਂ ਦਾ ਮੁੜ੍ਹਕਾ ਅਤੇ ਦਰਦ ਮਿਲਿਆ ਹੋਇਆ ਹੈ। ਜੇਕਰ ਅੱਜ ਵੀ ਅਸੀਂ ਨਾ ਜਾਗੇ, ਤਾਂ ਸਾਡੀ ਜ਼ਮੀਰ ਦੀ ਗੰਦਗੀ ਨੂੰ ਸਾਫ਼ ਕਰਨ ਵਾਲਾ ਕੋਈ ਝਾੜੂ ਨਹੀਂ ਮਿਲੇਗਾ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਸਾਡਾ ਸੇਬ ਸਕਰੀਨ ਨਾ ਬਣਿਆ

ਇੱਕ ਵਾਰ ਇਕ ਬਾਬਾ ਜੀ ਸਾਡੇ ਸ਼ਹਿਰ ਮੰਡਲਾ ਆਏ। ਅਸੀਂ ਉਸ ਵਕਤ ਕਾਲਜ ਵਿੱਚ ਪੜ੍ਹ ਰਹੀਆਂ ਸੀ। ਬਾਬਾ ਜੀ ਦੀ ਪ੍ਰਸਿੱਧੀ ਦੋ ਤਿੰਨ ਦਿਨਾਂ ਵਿੱਚ ਸਾਰੇ ਸ਼ਹਿਰ ਵਿੱਚ ਫੈਲ ਗਈ। ਬਾਬਾ ਜੀ ਦੀ ਖਾਸ ਗੱਲ ਇਹ ਸੀ ਕਿ ਉਸ ਕੋਲ ਇੱਕ ਫਲ ਲੈ ਕੇ ਜਾਣਾ ਹੁੰਦਾ ਸੀ, ਬਾਬਾ ਉਸ ਫਲ ਨੂੰ ਆਪਣੇ ਹੱਥ ਵਿੱਚ ਲੈਂਦੇ ਅਤੇ ਫਲ ਟੀਵੀ ਦੀ ਸਕਰੀਨ ਬਣ ਜਾਂਦਾ। ਉਸ 'ਟੀ.ਵੀ.' ਵਿੱਚ ਦੇਖ ਕੇ, ਬਾਬਾ ਫਲ ਲਿਆਉਣ ਵਾਲੇ ਦਾ ਭੂਤ ਭਵਿੱਖ ਸਭ ਕੁਝ ਦੱਸ ਦਿੰਦਾ। ਲੋਕਾਂ ਆਪੋ ਆਪਣੀ ਪਸੰਦ ਦਾ ਫਲ ਲੈ ਕੇ, ਭੀੜਾਂ ਲਾ ਦਿੱਤੀਆਂ।

ਬਾਬੇ ਦੀ ਕੋਈ ਫੀਸ ਨਹੀਂ ਸੀ, ਪਰ ਜੇਕਰ ਉਸ ਦੀ ਗੱਲ ਸੱਚੀ ਲੱਗੇ ਤਾਂ ਸ਼ਰਧਾ ਅਨੁਸਾਰ ਚੜ੍ਹਾਵਾ ਚੜ੍ਹਾ ਦਿੱਤਾ ਜਾਂਦਾ ਸੀ। ਬਾਬਾ ਇਨਕਾਰ ਨਹੀਂ ਸੀ ਕਰਦਾ। ਬੇਸ਼ਕ ਆਪਣਾ ਮਕਾਨ ਕਿਉਂ ਨਾ ਬਾਬੇ ਦੇ ਨਾਂ ਕਰ ਦਿਓ, ਬਾਬਾ ਮਨ੍ਹਾਂ ਨਹੀਂ ਕਰਦਾ ਸੀ।

ਮੈਂ ਅਤੇ ਗੁੱਡੂ ਜਗਿਆਸੂ ਲੜਕੀਆਂ ਸੀ। ਸ਼ਹਿਰ ਕੋਈ ਤੋਪ ਆਵੇ ਤੇ ਸਾਥੋਂ ਬਚ ਕੇ ਚਲੀ ਜਾਵੇ, ਇਹ ਤਾਂ ਸਾਡੀ ਹੋਂਦ ਦਾ ਹੀ ਅਪਮਾਨ ਸੀ। ਸੋ ਅਸੀਂ ਬਾਬੇ ਦੀ ਜਾਂਚ ਪੜਤਾਲ ਕਰਨੀ ਸੀ। ਜਦ ਉਸਦੀ ਪ੍ਰਸਿੱਧੀ ਸਿਖਰ 'ਤੇ ਪਹੁੰਚ ਗਈ, ਅਸੀਂ ਦੋਵਾਂ ਨੇ ਫਲਾਂ ਵਿੱਚ ਕੈਦ ਆਪਣੇ ਭਵਿੱਖ ਦਿਖਾਉਣ ਦਾ ਵਿਚਾਰ ਬਣਾਇਆ।

ਇਕ ਸ਼ਾਮ ਅਸੀਂ ਦੋਨਾਂ ਭੈਣਾਂ ਨੇ ਬਾਬੇ ਕੋਲ ਜਾਣ ਦਾ ਫੈਸਲਾ ਕੀਤਾ ਅਤੇ ਉਸਦੇ ਵੱਲ ਚੱਲ ਪਈਆਂ। ਰਸਤੇ 'ਚ ਇੱਕ ਫਲਾਂ ਦੀ ਰੇੜ੍ਹੀ ਤੋਂ ਫਲ ਲੈਣ ਰੁਕੀਆਂ। ਅਸੀਂ ਸੋਚ ਵਿਚਾਰ ਕੇ ਸੇਬ ਚੁਣਿਆ। ਪਹਿਲੀ ਗੱਲ ਤਾਂ ਇਹ ਸੀ ਕਿ ਇਹ ਪਿਲਪਲਾ ਨਹੀਂ ਸੀ, ਇਸ ਵਿੱਚੋਂ ਜੋ ਦਿਖੇਗਾ ਠੋਸ ਦਿਖੇਗਾ। ਦੂਸਰਾ ਇਸਦਾ ਆਕਾਰ ਵੀ ਦਰਮਿਆਨਾ ਸੀ, ਭੂਤਕਾਲ ਦੇ 'ਪਾਪ' ਵੱਡੇ ਹੋ ਕੇ ਨਹੀਂ ਦਿਖਣਗੇ। ਤੀਜਾ ਚਮਕਦਾਰ ਮਸਤ ਲਾਲ ਰੰਗ ਦਾ ਸੀ ਜਿਵੇਂ ਸਾਡੀ ਫਿਲਮ ਰੰਗੀਨ ਦਿਖੇਗੀ। ਅਸੀਂ ਇਹ ਸੇਬ ਖ਼ਰੀਦਿਆ ਅਤੇ ਬਾਬਾ ਜੀ ਦੇ ਦਰਬਾਰ ਪਹੁੰਚ ਗਈਆਂ।

ਉੱਥੇ ਪਹੁੰਚ ਕੇ ਵੇਖਿਆ ਕਿ ਚੰਗੀ ਭੀੜ ਸੀ, ਉਡੀਕ ਚੱਲ ਰਹੀ ਸੀ। ਉਸਦੇ ਕਮਰੇ ਦੇ ਬਾਹਰ, ਅਸੀਂ ਦੋਨੋਂ ਹੋਰਨਾਂ ਨਾਲ ਖੜੀਆਂ ਹੋ ਗਈਆਂ। ਸਭ ਦੇ ਹੱਥਾਂ ਵਿੱਚ ਇੱਕ ਇੱਕ ਫਲ ਚਮਕ ਰਿਹਾ ਸੀ। ਅਸੀਂ ਹੱਸ ਰਹੀਆਂ ਸੀ ਕਿ ਜਿਸ ਦੇ ਹੱਥਾਂ ਵਿੱਚ ਅੰਗੂਰ ਸਨ, ਇਨ੍ਹਾਂ ਦੇ ਦ੍ਰਿਸ਼ ਜਰੂਰ ਕੱਟ ਜਾਣਗੇ। ਇਹ ਸੜਿਆ ਗਲਿਆ ਸੰਤਰਾ ਤਾਂ ਦ੍ਰਿਸ਼ਾਂ ਨੂੰ ਜਰੂਰ ਬਦਰੰਗ ਕਰ ਦੇਵੇਗਾ। ਸਾਡਾ ਸੇਬ ਸਭ ਤੋਂ ਸੁੰਦਰ ਪਿਆਰਾ, ਫੁਲ ਹਾਈ ਡੈਫੀਨੇਸ਼ਨ, 5ਕ ਰੈਜ਼ੁਲੇਸ਼ਨ ਵਾਲਾ ਹੈ।

ਅਸੀਂ ਆਪਣੇ ਸੇਬ ਨੂੰ ਹਥੇਲੀ ਵਿੱਚ ਰੱਖ ਕੇ, ਆਸ ਪਾਸ ਦਾ ਜਾਇਜ਼ਾ ਲੈ ਰਹੀਆਂ ਸੀ। ਉਡੀਕ ਰਿਹਾ ਇੱਕ ਜਗਿਆਸੂ ਸਾਡੇ ਕੋਲ ਆਇਆ ਅਤੇ ਗੱਲਾਂ ਕਰਨ ਲੱਗ ਪਿਆ। ਉਸਨੇ ਸਾਨੂੰ ਦੱਸਿਆ ਕਿ ਉਹ ਬਾਬੇ ਦੀ ਮਸ਼ਹੂਰੀ ਵੇਖ ਕੇ ਬਹੁਤ ਦੂਰ ਤੋਂ ਚੱਲ ਕੇ ਆਇਆ ਹੈ। ਅਸੀਂ ਕਿਹਾ ਅਸੀਂ ਵੀ ਮਸ਼ਹੂਰੀ ਸੁਣ ਕੇ ਹੀ ਆਈਆਂ ਹਾਂ। ਫਿਰ ਉਸਨੇ ਪੁੱਛਿਆ ਕਿ ਅਸੀਂ ਕੀ ਕਰਦੀਆਂ ਹਾਂ? ਕਿੱਥੋਂ ਦੀਆਂ ਰਹਿਣ ਵਾਲੀਆਂ ਹਾਂ?

ਦੋਸਤੋ! ਇੱਥੇ ਹੀ ਤੁਸੀਂ ਸਾਡੀ ਬੁੱਧੀ ਦੀ ਪਰਖ ਕਰ ਸਕਦੇ ਹੋ। ਸਾਡੀਆਂ ਦੋਵਾਂ ਭੈਣਾਂ ਦੀਆਂ ਅੱਖਾਂ ਮਿਲੀਆਂ ਅਤੇ ਅਸੀਂ ਫੈਸਲਾ ਕਰ ਲਿਆ ਕਿ ਅਸੀਂ ਕੀ ਕਹਿਣਾ ਹੈ।

ਫਿਰ ਅਸੀਂ ਹਰ ਪ੍ਰਸ਼ਨ ਦਾ ਗਲਤ ਉੱਤਰ ਦਿੱਤਾ। ਜਿਵੇਂ ਕਿ-

ਅਸੀਂ ਦੋ ਭਾਈ ਅਤੇ ਦੋ ਭੈਣਾਂ ਹਾਂ।

ਪਿਤਾ ਜੀ ਦੁਕਾਨ ਕਰਦੇ ਹਨ।

ਅਸੀਂ ਫੇਲ੍ਹ ਹੋਣ ਤੋਂ ਪ੍ਰੇਸ਼ਾਨ ਹਾਂ।

ਸਾਡੀ ਮਾਂ ਲੰਮੀ ਅਤੇ ਪੱਕੇ ਰੰਗ ਦੀ ਹੈ।

ਪਿਤਾ ਜੀ ਦੀ ਕੋਈ ਭੈਣ ਨਹੀਂ ਹੈ।

ਅਸੀਂ ਇਕਦਮ ਉਲਟੇ ਉੱਤਰ ਦਿੱਤੇ। ਅਸੀਂ ਗੜਬੜ੍ਹ ਸੁੰਘ ਲਈ ਸੀ। ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਬਾਅਦ ਉਹ ਆਦਮੀ ਅੰਦਰ ਗਿਆ। ਪੰਜਾਂ ਮਿੰਟਾਂ ਬਾਅਦ ਸਾਨੂੰ ਬੁਲਾਇਆ ਗਿਆ। ਬਾਬਾ ਹੱਟਾ ਕੱਟਾ ਮੁਸ਼ਟੰਡਾ ਆਦਮੀ ਸੀ। ਤਿਲਕ ਲਗਾ ਕੇ, ਪੂਰੀ ਵਰਦੀ ਵਿੱਚ ਬੈਠਾ ਸੀ। ਉਸ ਦੀ ਬਗਲ ਵਿੱਚ ਇੱਕ ਹੋਰ ਆਦਮੀ ਸੀ ਜਿਹੜਾ ਉਸਦੀ ਮਦਦ ਕਰ ਰਿਹਾ ਸੀ।

ਬਾਬੇ ਨੇ ਸਾਥੋਂ ਫਲ ਮੰਗਿਆ, ਅਸੀਂ ਬਹੁਤ ਮਾਣ ਨਾਲ ਸੇਬ ਬਾਬੇ ਅੱਗੇ ਕਰ ਦਿੱਤਾ। ਸੋਚਿਆ ਬਾਬਾ ਸਾਡੀ ਚੋਣ ਦੀ ਤਾਰੀਫ਼ ਕਰੂਗਾ। ਉਸ ਨੇ ਸੇਬ ਲਿਆ ਤੇ ਉਸ ਵੱਲ ਧਿਆਨ ਨਾਲ ਵੇਖਣ ਲੱਗ ਪਿਆ। ਸਾਨੂੰ ਤਾਂ ਸਕਰੀਨ ਖਾਲੀ ਨਜ਼ਰ ਆ ਰਹੀ ਸੀ। ਨਾ ਜਾਣੇ ਬਾਬੇ ਨੂੰ ਕੀ ਦਿਖ ਰਿਹਾ ਹੋਵ-ੇਗਾ? ਬਾਬੇ ਨੇ ਪਹਿਲਾ ਪ੍ਰਸ਼ਨ ਪੁੱਛਿਆ, 'ਤਾਂ ਤੁਸੀਂ ਦੋ ਭੈਣਾਂ ਦੋ ਭਾਈ ਹੋ?' , ਗੁੱਡੂ ਬੋਲੀ, 'ਨਹੀਂ ਬਾਬਾ ਜੀ, ਅਸੀਂ ਤਾਂ ਚਾਰ ਭੈਣਾਂ ਹਾਂ।' ਬਾਬਾ ਥੋੜ੍ਹਾ ਚਕਰਾਇਆ। ਫਲ ਨੂੰ ਘੁੰਮਾਇਆ, ਅਗਲਾ ਪ੍ਰਸ਼ਨ ਪੁੱਛਿਆ, 'ਤਾਂ ਪਿਤਾ ਜੀ ਵਪਾਰੀ ਹਨ?' ਅਸੀਂ ਅੱਖਾਂ ਚਮਕਾ ਕੇ ਬੋਲੀਆਂ, 'ਨਹੀਂ ਬਾਬਾ ਜੀ, ਉਹ ਤਾਂ ਸਰਕਾਰੀ ਨੌਕਰੀ ਕਰਦੇ ਨੇ।' ਬਾਬੇ ਨੇ ਉਸ ਆਦਮੀ ਵੱਲ ਘੂਰਿਆ, ਜਿਹੜਾ ਸਾਡੀ ਇੰਟਰਵਿਊ ਲੈ ਕੇ ਗਿਆ ਸੀ ਅਤੇ ਹੁਣ ਇੱਕ ਕੋਨੇ ਵਿੱਚ ਬੈਠਾ ਸੀ। ਉਸਨੇ ਸਾਨੂੰ ਘੂਰਿਆ, ਅਸੀਂ ਮੁਸਕਰਾ ਪਈਆਂ।

ਜਿਹੜੀਆਂ ਅਗਲੀਆਂ ਚਾਰ ਗੱਲਾਂ ਬਾਬੇ ਨੇ ਸਾਡੇ ਬਾਰੇ ਕੀਤੀਆਂ, ਅਸੀਂ ਸਾਰੀ ਜਨਤਾ ਦੇ ਸਾਹਮਣੇ ਉਨ੍ਹਾਂ ਨੂੰ ਬੇਦਰਦੀ ਨਾਲ ਰੱਦ ਕਰ ਦਿੱਤਾ। ਹਾਜ਼ਰ ਲੋਕ ਚਕਰਾ ਗਏ। ਬਾਬਾ ਹੁਣ ਸਾਨੂੰ ਗੁੱਸੇ ਨਾਲ ਘੂਰ ਰਿਹਾ ਸੀ। ਜੇਕਰ ਬਾਬੇ ਦਾ ਵੱਸ ਚਲਦਾ ਤਾਂ 'ਕਾਲਦਰਸ਼ੀ' ਸੇਬ, ਸਾਡੇ ਸਿਰ ਵਿੱਚ ਭੰਨ ਦਿੰਦਾ। ਜੇਕਰ ਬਾਬੇ ਤੋਂ ਸਾਡਾ ਭੂਤ ਅਤੇ ਵਰਤਮਾਨ ਹੀ ਠੀਕ ਨਹੀਂ ਦੱਸਿਆ ਗਿਆ, ਭਵਿੱਖ ਕੀ ਦੱਸਣਾ ਸੀ ?

ਬਾਬੇ ਨੇ ਕਿਹਾ, ''ਹੁਣ ਤੁਸੀਂ ਲੋਕ ਜਾਓ, ਤੁਹਾਡਾ ਦੋਨ੍ਹਾਂ ਦਾ ਭਵਿੱਖ ਚੰਗਾ ਹੈ।''

''ਪਰ ਬਾਬਾ, ਤੁਸੀਂ ਤਾਂ ਸਾਡੇ ਬਾਰੇ ਤਾਂ ਸਭ ਕੁਝ ਗਲਤ ਦੱਸਿਆ ਹੈ।'' ਗੁੱਡੂ ਉੱਚੀ ਆਵਾਜ਼ ਵਿੱਚ ਬੋਲੀ।

ਬਾਬਾ ਚੁੱਪ ਕਰ ਗਿਆ, ਫਿਰ ਕਹਿਣ ਲੱਗਾ, ''ਅਸੀਂ ਫੁਰਸਤ ਦੇ ਸਮੇਂ ਤੁਹਾਡੇ ਜੀਵਨ ਬਾਰੇ ਦੇਖਾਂਗੇ, ਬਾਅਦ ਵਿੱਚ ਆਉਣਾ।'' ਲੋਕ ਬਾਬੇ ਨੂੰ ਸ਼ੱਕ ਨਾਲ ਦੇਖਣ ਲੱਗੇ ਸਨ। ਪਰ ਉਨ੍ਹਾਂ ਨੂੰ ਆਪਣੇ ਜੀਵਨ ਸਬੰਧੀ ਸਹੀ ਉੱਤਰ ਮਿਲਣੇ ਸਨ ਕਿਉਂਕਿ ਉਹ ਸਾਡੇ ਵਾਂਗ ਚੁਸਤ ਨਹੀਂ ਸਨ। ਦੇਸ਼ ਦੀ ਆਮ ਜਨਤਾ ਵਾਂਗ ਭੋਲੇ ਅਤੇ ਮੂਰਖ ਸਨ। ਬਾਬੇ ਨੇ ਸੇਬ ਇੱਕ ਪਾਸੇ ਰੱਖ ਦਿੱਤਾ। ਅਸੀਂ ਉਥੋਂ ਉਠਦੇ ਉਠਦੇ ਬੋਲੀਆਂ ਬਾਬਾ ਸਾਡਾ ਸੇਬ ਤਾਂ ਦੇ ਦਿਓ।

ਬਾਬੇ ਨੇ ਭਸਮ ਕਰਨ ਵਾਲੀਆਂ ਅੱਖਾਂ ਨਾਲ ਸਾਨੂੰ ਵੇਖਿਆ। ਸੇਬ ਸਾਨੂੰ ਵਾਪਸ ਕਰ ਦਿੱਤਾ। ਅਸੀਂ ਬਾਬੇ ਵੱਲ ਦੇਖ ਕੇ ਫਿਰ ਅੱਖਾਂ ਵਿੱਚ ਹੱਸੀਆਂ। ਬਾਹਰ ਨਿਕਲ ਆਈਆਂ। ਰਸਤੇ ਵਿੱਚ ਅਸੀਂ ਉਸ 'ਰੰਗੀਨ ਟੀਵੀ' ਨੂੰ ਖਾ ਲਿਆ। ਘਰ ਆ ਕੇ ਅਸੀਂ ਆਪਣੀ ਸਿਆਣਪ ਦਾ ਕਿੱਸਾ ਸਭ ਨੂੰ ਸੁਣਾਇਆ। ਸੋਚਣ ਲੱਗੀਆਂ ਬਾਬੇ ਨੇ ਸਾਡਾ ਕਿੱਸਾ, ਕਿਸ ਨੂੰ ਅਤੇ ਕਿਵੇਂ ਸੁਣਾਇਆ ਹੋਵੇਗਾ?

**ਅਨੁਵਾਦ ਵਿਸ਼ਵ ਕਾਂਤ**

**(*ਪੱਲਵੀ ਤ੍ਰਿਵੇਦੀ ਐਸ ਵਕਤ ਮੱਧ ਪ੍ਰਦੇਸ਼ ਵਿੱਚ ਪੁਲੀਸ ਅਫ਼ਸਰ (A.S.P.) ਦੇ ਅਹੁਦੇ 'ਤੇ ਕੰਮ ਕਰ ਰਹੀ ਹੈ।)**



**ਰਾਹੀਂ -ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਅਫ਼ਸਰ ਕਲੋਨੀ ਸੰਗਰੂਰ**

# ਮਿੰਨੀ ਕਹਾਣੀ/ਮੈਂ ਇਹ ਕੀ ਕਰ ਬੈਠੀ

ਮੋਹਿਤ ਅਤੇ ਮਨੀਸ਼ਾ ਕਾਲਜ ਵਿੱਚ ਇਕੱਠੇ ਪੜਦੇ ਸਨ। ਦੋਹੇ ਹੀ ਸਾਇੰਸ ਦੇ ਵਿਦਿਆਰਥੀ ਸਨ। ਉਹਨਾਂ ਵਿੱਚ ਆਪਸ ਵਿੱਚ ਦਿਲ ਮਿਲ ਗਿਆ। ਬੀਐਸਸੀ ਪਾਸ ਕਰਨ ਤੋਂ ਬਾਅਦ ਮੋਹਿਤ ਨੇ ਆਈ ਆਈ ਐਮ ਵਿਚ ਦਾਖਲਾ ਲੈ ਲਿਆ ਜਦੋਂ ਕਿ ਮਨੀਸ਼ਾ ਘਰ ਵਿੱਚ ਹੀ ਰਹੀ। ਲੇਕਿਨ ਕਾਲਜ ਦੇ ਦਿਨਾਂ ਵਿੱਚ ਹੀ ਉਹਨਾਂ ਨੇ ਆਪਸ ਵਿੱਚ ਫੈਸਲਾ ਕਰ ਲਿਆ ਸੀ ਕਿ ਉਹ ਜਿੰਦਗੀ ਭਰ ਵਿਆਹ ਕਰਾਉਣ ਪਿੱਛੋਂ ਇਕੱਠੇ ਹੀ ਰਹਿਣਗੇ। ਜਦੋਂ ਮੋਹਿਤ ਦੀ ਨੌਕਰੀ ਲੱਗ ਗਈ ਅਤੇ ਉਹ ਮੁੰਬਈ ਰਹਿਣ ਲੱਗਿਆ ਤਾਂ ਦੋਹਾਂ ਦਾ ਵਿਆਹ ਹੋ ਗਿਆ ਅਤੇ ਉਹ ਮੁੰਬਈ ਵਿੱਚ ਇਕੱਠੇ ਰਹਿਣ ਲੱਗੇ। ਸ਼ੁਰੂ ਸ਼ੁਰੂ ਵਿੱਚ ਉਹਨਾਂ ਨੂੰ ਇੰਜ ਲੱਗਿਆ ਜਿਵੇਂ ਜ਼ਿੰਦਗੀ ਸਵਰਗ ਹੁੰਦੀ ਹੈ। ਮੁੰਬਈ ਵਿੱਚ ਇਧਰ ਉਧਰ ਘੁੰਮਣਾ ਅਤੇ ਹੋਟਲਾਂ ਵਿੱਚ ਜਾ ਕੇ ਖਾਣਾ ਖਾਣਾ ਉਹਨਾਂ ਦੇ ਜੀਵਨ ਦਾ ਇੱਕ ਮਹਤਵਪੂਰਨ ਹਿੱਸਾ ਬਣ ਗਿਆ। ਲੇਕਿਨ ਦੋ ਮਹੀਨਿਆਂ ਦੇ ਬਾਅਦ ਹੀ ਉਹਨਾਂ ਦਾ ਪਿਆਰ ਦਾ ਬੁਖਾਰ ਉਤਰਨਾ ਸ਼ੁਰੂ ਹੋ ਗਿਆ। ਨਿੱਕੀ ਨਿੱਕੀ ਗੱਲ ਤੇ ਉਹ ਇੱਕ ਦੂਜੇ ਨੂੰ ਸ਼ਿਕਵੇ ਸ਼ਿਕਾਇਤ ਕਰਨ ਲੱਗੇ, ਕੁਝ ਦਿਨਾਂ ਬਾਅਦ ਗਾਲਾਂ ਕੱਢਣ ਦਾ ਅਤੇ ਫੇਰ ਹੱਥਾਂ ਪਾਈ ਦਾ ਕੰਮ ਸ਼ੁਰੂ ਹੋ ਗਿਆ। ਛੇ ਮਹੀਨੇ ਵਿੱਚ ਹੀ ਮਨੀਸ਼ਾ ਨੇ ਮੋਹਿਤ ਤੋਂ ਛੁਟਕਾਰਾ ਪਾਉਣ ਦਾ ਫੈਸਲਾ ਕਰ ਲਿਆ। ਉਸ ਨੇ ਆਪਣੇ ਪਿਓ ਅਤੇ ਭਰਾ ਨੂੰ ਮੁੰਬਈ ਬੁਲਾ ਲਿਆ ਅਤੇ ਕੋਰਟ ਕਚਹਿਰੀ ਵਿੱਚ ਤਲਾਕ ਵਾਸਤੇ ਅਰਜੀ ਦੇ ਦਿੱਤੀ। ਮਨੀਸ਼ਾ ਦਾ ਵਕੀਲ ਬਹੁਤ ਸਿਆਣਾ ਸੀ ਉਸਨੇ ਮੋਹਿਤ ਤੋਂ ਉਸ ਵਾਸਤੇ ਤਿੰਨ ਲੱਖ ਰੁਪਏ ਅਤੇ 20 ਹਜਾਰ ਰੁਪਏ ਗੁਜ਼ਾਰਾ ਖਰਚਾ ਹਾਸਿਲ ਕਰਨ ਵਾਸਤੇ ਮੁਕਦਮਾ ਜੀਤ ਰਿਹਾ। ਫਿਰ ਉਸਨੇ ਤਲਾਕ ਤੇ ਕਾਗਜ਼ ਮਨੀਸ਼ਾ ਨੂੰ ਦਿੰਦੇ ਹੋਏ ਕਿਹਾ,,, ਤੁਹਾਨੂੰ ਵਧਾਈ ਹੋਵੇ,, ਹੁਣ ਤੋਂ ਤੁਸੀਂ ਮੋਹਿਤ ਤੋਂ ਬਿਲਕੁਲ ਆਜ਼ਾਦ ਹੋ। ਅਤੇ ਮਨੀਸ਼ਾ ਆਪਣੇ ਪਿਓ ਅਤੇ ਭਰਾ ਨਾਲ ਆਪਣੇ ਘਰ ਅਰਥਾਤ ਪੇਕੇ ਆ ਗਈ। ਪੇਕੇ ਕੇ ਆ ਕੇ ਉਸਨੂੰ ਇੰਜ ਲੱਗਿਆ ਜਿਵੇਂ ਉਹ ਠੀਕ ਤਰਾਂ ਸਾਹ ਲੈ ਸਕਦੀ ਹੈ ਅਤੇ ਅਸਮਾਨ ਵਿੱਚ ਉਡਾਰੀ ਵੀ ਮਾਰ ਸਕਦੀ ਹੈ ਕਿਉਂਕਿ ਉਸ ਉੱਤੇ ਮੋਹਿਤ ਵਰਗੇ ਪਤੀ ਦੀ ਕੋਈ ਵੀ ਪਾਬੰਦੀ ਨਹੀਂ ਸੀ।

ਆਪਣੇ ਪੇਕੇ ਆਉਣ ਤੋਂ ਬਾਅਦ ਕੁਝ ਦਿਨ ਤਾਂ ਉਸਦੇ ਮਾਂ ਪਿਓ, ਭਰਾ ਅਤੇ ਭਰਜਾਈਆਂ ਨੇ ਉਸ ਦਾ ਸਵਾਗਤ ਕੀਤਾ, ਉਸਨੂੰ ਕੋਈ ਕੰਮ ਨਾ ਕਰਨ ਦਿੱਤਾ। ਇਸ ਆਜ਼ਾਦੀ ਵਿੱਚ ਉਹ ਬਹੁਤ ਖੁਸ਼ ਹੋਈ ਕਿਉਂਕਿ ਮੋਹਿਤ ਨਾਲ ਰਹਿੰਦਿਆਂ ਤਾਂ ਉਹਨੂੰ ਘਰ ਦਾ ਸਾਰਾ ਕੰਮ ਕਰਨਾ ਪੈਂਦਾ ਸੀ ਲੇਕਿਨ ਇੱਥੇ ਪੇਕੇ ਵਿੱਚ ਉਸ ਨੂੰ ਕੁਝ ਵੀ ਕਰਨਾ ਨਹੀਂ ਪੈ ਰਿਹਾ ਸੀ। ਕੁਝ ਦਿਨ ਦੇ ਬਾਅਦ ਉਸ ਦੀਆਂ ਭਰਜਾਈਆਂ ਨੇ ਹੀ ਉਸ ਨੂੰ ਕਹਿਣਾ ਸ਼ੁਰੂ ਕੀਤਾ,, ਮਨੀਸ਼ਾ,, ਕਮਰਿਆਂ ਦੀ ਥੋੜੀ ਸਫਾਈ ਕਰ ਦੇ, ਮਨੀਸ਼ਾ ਕਿਚਨ ਵਿੱਚ ਜਾ ਕੇ ਭਾਂਡੇ ਸਾਫ ਕਰ ਦੇ,, ਮਨੀਸ਼ਾ,, ਵਾਸ਼ਿੰਗ ਮਸ਼ੀਨ ਵਿੱਚ ਕੱਪੜੇ ਰੱਖੇ ਹੋਏ ਹਨ ਇਹਨਾਂ ਨੂੰ ਜਰਾ ਧੋ ਦੇ,, ਇਸ ਤਰੀਕੇ ਨਾਲ ਉਸ ਨੂੰ ਭਰਜਾਈਆਂ ਦੇ ਕਹਿਣ ਤੇ ਮੋਹਿਤ ਦੇ ਘਰ ਦੇ ਮੁਕਾਬਲੇ ਬਹੁਤ ਜਿਆਦਾ ਕੰਮ ਕਰਨਾ ਪੈ ਰਿਹਾ ਸੀ। ਕੁਝ ਦਿਨਾਂ ਬਾਅਦ ਉਸ ਦੇ ਭਤੀਜੇ ਅਤੇ ਭਤੀਜੀਆਂ ਨੇ ਵੀ ਕਹਿਣਾ ਸ਼ੁਰੂ ਕੀਤਾ,, ਭੂਆ ਇੱਥੇ ਕਿੰਨੇ ਦਿਨ ਰਹੇਗੀ,,,, ਗੁਆਂਢੀਆਂ ਨੇ ਵੀ ਮਨੀਸ਼ਾ ਦੇ ਘਰ ਵਾਲਿਆਂ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਮਨੀਸ਼ਾ ਕਿੰਨੇ ਦਿਨਾਂ ਵਾਸਤੇ ਤੁਹਾਡੇ ਕੋਲ ਰਹਿਣ ਵਾਸਤੇ ਆਈ ਹੈ,, ਇਹ ਗੱਲਾਂ ਸੁਣ ਕੇ ਉਸ ਨੂੰ ਇੰਝ ਲੱਗਿਆ ਜਿਵੇਂ ਉਸ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ ਹੋਵੇ। ਉਸ ਨੂੰ ਲੱਗਿਆ ਕਿ ਜਿਹੜੇ ਪੇਕੇ ਵਿੱਚ ਉਹ ਆਪਣਾ ਹੱਕ ਸਮਝ ਕੇ ਆਈ ਸੀ ਉਹ ਪੇਕਾ ਤਾਂ ਉਸਦਾ ਹੈ ਹੀ ਨਹੀਂ ਸੀ। ਉਸ ਘਰ ਉੱਤੇ ਹੁਣ ਉਸ ਦੀਆਂ ਭਰਜਾਈਆਂ ਦੀ ਅਤੇ ਭਰਾਵਾਂ ਦੀ ਹਕੂਮਤ ਚੱਲਦੀ ਸੀ। ਇੱਕ ਰਾਤ ਉਹ ਆਪਣੇ ਘਰ ਦੀ ਛੱਤ ਦੇ ਉੱਤੇ ਇੱਕ ਕੁਰਸੀ ਤੇ ਬੈਠੀ ਸੀ। ਉਸ ਨੂੰ ਧਿਆਨ ਆਇਆ ਕਿ ਇਸ ਪੇਕੇ ਦੇ ਮੁਕਾਬਲੇ ਮੋਹਿਤ ਦਾ ਘਰ ਅਤੇ ਮੋਹਿਤ ਬਹੁਤ ਜਿਆਦਾ ਚੰਗੇ ਸਨ। ਘੱਟੋ ਘੱਟ ਉਹ ਘਰ ਉਸ ਦਾ ਆਪਣਾ ਸੀ, ਉਸਨੇ ਹੀ ਉਸ ਘਰ ਨੂੰ ਵਸਾਇਆ ਸੀ, ਉਥੇ ਉਹ ਬਿਲਕੁਲ ਆਜ਼ਾਦ ਸੀ, ਕੋਈ ਉਸ ਨੂੰ ਟੋਕਾ ਟਾਕੀ ਕਰਨ ਵਾਲਾ, ਤਾਨੇ ਦੇਣ ਵਾਲਾ ਨਹੀਂ ਸੀ। ਜੇਕਰ ਮੋਹਿਤ ਅਤੇ ਉਸ ਵਿਚਕਾਰ ਥੋੜਾ ਬਹੁਤ ਤਕਰਾਰ ਹੋ ਵੀ ਜਾਇਆ ਕਰਦਾ ਸੀ ਤਾਂ ਕੁਝ ਸਮੇਂ ਬਾਅਦ ਉਹ ਇੱਕ ਦੂਜੇ ਨੂੰ ਮਨਾਉਣ ਦੀ ਕੋਸ਼ਿਸ਼ ਵੀ ਤਾਂ ਕਰਦੇ ਸਨ। ਇੱਥੇ ਉਸ ਨੂੰ ਕੋਈ ਵੀ ਇੱਜਤ ਅਤੇ ਪਿਆਰ ਦੀ ਨਜ਼ਰ ਨਾਲ ਨਹੀਂ ਦੇਖਦਾ। ਉਸ ਦਾ ਧਿਆਨ ਇਕਦਮ ਮੋਹਿਤ ਅਤੇ ਆਪਣੇ ਘਰ ਵੱਲ ਖਿੱਚਿਆ ਗਿਆ। ਉਸਨੇ ਝਿਜਕਦੇ ਝਿਜਕਦੇ ਮੋਹਿਤ ਦਾ ਨੰਬਰ ਮਿਲਾਇਆ,,,, ਉਧਰੋਂ ਆਵਾਜ਼ ਆਈ,,, ਹੈਲੋ,, ਹੈਲੋ,,। ਲੇਕਿਨ ਮਨੀਸ਼ਾ ਦੀ ਕੁਝ ਕਹਿਣ ਦੀ ਹਿੰਮਤ ਵੀ ਨਾ ਹੋਈ ਅਤੇ ਥੋੜੀ ਦੇਰ ਬਾਅਦ ਟੈਲੀਫੋਨ ਬੰਦ ਹੋ ਗਿਆ। ਕੁਝ ਸਮਾਂ ਇੰਤਜ਼ਾਰ ਕਰਨ ਦੇ ਬਾਅਦ ਮਨੀਸ਼ਾ ਨੇ ਦੁਬਾਰਾ ਮੋਹਿਤ ਦਾ ਨੰਬਰ ਮਿਲਾਇਆ। ਹੁਣ ਫਿਰ ਆਵਾਜ਼ ਆਈ,, ਹੈਲੋ, ਹੈਲੋ,,, ਮਨੀਸ਼ਾ ਨੇ ਬੜੀ ਨਿਮਰਤਾ ਨਾਲ ਮੋਹਿਤ ਨਾਲ ਗੱਲਬਾਤ ਕੀਤੀ ਅਤੇ ਕਿਹਾ,,,, ਮੈਨੂੰ ਮਾਫ ਕਰੀ,,, ਮੈਂ ਬੇਵਕੂਫੀ ਵਿੱਚ ਬਹੁਤ ਗਲਤ ਫੈਸਲਾ ਕਰ ਬੈਠੀ, ਮੈਂ ਆਪਣੇ ਵਿਹਾਰ ਲਈ ਸ਼ਰਮਿੰਦਾ ਹਾਂ ਅਤੇ ਖਿਮਾ ਮੰਗਦੀ ਹਾਂ,,, ਕੀ ਅਸੀਂ ਨਵੇਂ ਸਿਰੇ ਤੋਂ ਇਕੱਠੇ ਜ਼ਿੰਦਗੀ ਸ਼ੁਰੂ ਕਰ ਸਕਦੇ ਹਾਂ। ਮੈਂ ਵਿਸ਼ਵਾਸ ਦਿਵਾਉਂਦੀ ਹਾਂ ਕਿ ਅੱਗੇ ਨੂੰ ਮੈਂ ਕਦੇ ਵੀ ਤੇਰੇ ਨਾਲ ਬਦਤਮੀਜ਼ੀ ਨਾਲ ਗੱਲ ਨਹੀਂ ਕਰਾਂਗੀ, ਤੇਰੀ ਹਰ ਗੱਲ ਸਹਿ ਜਾਵਾਂਗੀ ਅਤੇ ਜਿੱਦਾਂ ਤੂੰ ਮੈਨੂੰ ਰੱਖੇਗਾ ਮੈਂ ਉਦਾਂ ਹੀ ਰਹਿ ਜਾਵਾਂਗੀ,,,, ਕਾਫੀ ਦੇਰ ਤੱਕ ਮੋਹਿਤ ਚੁੱਪ ਰਿਹਾ, ਕਿਸੇ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ, ਸਿਰਫ ਇਨਾ ਹੀ ਕਿਹਾ,, ਜਦੋਂ ਜਾਗੋ ਉਦੋਂ ਹੀ ਸਵੇਰਾ,,, ਅਤੇ ਦੂਜੇ ਦਿਨ ਉਹ ਮੁੰਬਈ ਵਿੱਚ ਮੋਹਿਤ ਨਾਲ ਰਹਿਣ ਵਾਸਤੇ ਆਪਣੇ ਘਰ ਪਹੁੰਚ ਗਈ,,,, ਹਾਂ ਆਪਣਾ ਘਰ,,, ਜਿੱਥੇ ਉਸ ਨੂੰ ਟੋਕਣ ਵਾਲਾ ਕੋਈ ਨਹੀਂ ਸੀ,, ਤਾਨੇ ਦੇਣ ਵਾਲਾ ਕੋਈ ਨਹੀਂ ਸੀ,,, ਪਿਆਰ ਕਰਨ ਵਾਲਾ ਇੱਕੋ ਹੀ ਬੰਦਾ ਸੀ ਅਤੇ ਉਹ ਸੀ ਉਸ ਦਾ ਪਤੀ,, ਮੋਹਿਤ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ ਹਰਿਆਣਾ**

# ਬਜ਼ੁਰਗਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ

ਬਜ਼ੁਰਗ ਅਵਸਥਾ ਉਹ ਅਵਸਥਾ ਹੁੰਦੀ ਹੈ ਜਦੋਂ ਸਾਰੀ ਉਮਰ ਦੀਆਂ ਘਾਲਣਾਵਾਂ ਘਾਲ਼ ਕੇ ਮਨੁੱਖ ਆਪਣੇ ਨਾਲ ਜੁੜੇ ਲੋਕਾਂ ਨੂੰ ਤੇ ਆਪਣੇ ਆਲ਼ੇ ਦੁਆਲ਼ੇ ਦੀ ਦੁਨੀਆਂ ਨੂੰ ਬਹੁਤ ਕੁਝ ਦੇ ਕੇ ਬੇਬਸ, ਲਾਚਾਰ ਤੇ ਲੜਖੜਾਉਂਦੇ ਹੋਏ ਜਦੋਂ ਆਪਣੀ ਦੇਹੀ ਨੂੰ ਆਪਣੇ ਹੀ ਪੈਰਾਂ ਤੇ ਖੜ੍ਹਾਉਣ ਦੀ ਤਾਕਤ ਵੀ ਨਹੀਂ ਰਹਿੰਦੀ, ਮਨੁੱਖ ਇਸ ਅਵਸਥਾ ਵਿੱਚ ਪਹੁੰਚ ਕੇ ਸਰੀਰਕ ਅਤੇ ਮਾਨਸਿਕ ਤੌਰ ਤੇ ਬਹੁਤ ਕਮਜ਼ੋਰ ਹੋ ਚੁੱਕਿਆ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਆਪਣੇ ਹੱਥੀਂ ਲਾਏ ਬੂਟਿਆਂ ਦੀ ਛਾਂ ਮਾਣੀ ਜਾ ਸਕੇ। ਪਰ ਸਦੀ ਪਲਟਦੇ ਸਾਰ ਹੀ ਆਪਣਿਆਂ ਉੱਪਰ ਸਵਾਰਥਪੁਣਾ ਐਨਾ ਭਾਰੂ ਹੋ ਚੁੱਕਿਆ ਹੈ ਕਿ ਜਾਇਦਾਦ ਅਤੇ ਪੈਸੇ ਤੋਂ ਸਿਵਾਏ ਔਲਾਦ ਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ। ਜਿਹੜੇ ਮਾਪਿਆਂ ਨੇ ਆਪਣੇ ਸਾਰੇ ਸ਼ੌਂਕ ਮਾਰ ਕੇ ਬੱਚਿਆਂ ਦੇ ਸ਼ੌਕ ਪੂਰੇ ਕੀਤੇ ਹੋਣ,ਆਪਣੇ ਬੱਚਿਆਂ ਦੀ ਪਰਵਰਿਸ਼ ਆਪਣੀ ਹੈਸੀਅਤ ਤੋਂ ਵਧ ਕੇ ਕੀਤੀ ਹੋਵੇ ਤੇ ਉਹਨਾਂ ਮਾਪਿਆਂ ਨੂੰ ਜਦ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਔਲਾਦ ਕੋਲੋਂ ਇਸ ਲਈ ਰਿਹਾਅ ਕਰਵਾਇਆ ਜਾਵੇ ਕਿ ਉਹ ਉਹਨਾਂ ਦੇ ਆਪਣੇ ਘਰ ਦੀ ਚਾਰਦੀਵਾਰੀ ਅੰਦਰ ਹੀ ਗੁਲਾਮਾਂ ਵਾਲ਼ੇ ਤਸੀਹੇ ਝੱਲ ਰਹੇ ਹੋਣ ਤੇ ਉਹ ਤਸੀਹੇ ਵੀ ਉਹਨਾਂ ਦੀ ਆਪਣੀ ਔਲਾਦ ਦੇ ਰਹੀ ਹੋਵੇ। ਸੜਕਾਂ ਤੇ ਰੁਲ ਰਹੇ ਮਾਪਿਆਂ ਨੂੰ ਸਮਾਜ ਸੇਵੀ ਜਥੇਬੰਦੀਆਂ ਆਸ਼ਰਮ ਦਾ ਸਹਾਰਾ ਦੇਣ ਕਿਉਂਕਿ ਉਹਨਾਂ ਦੀ ਔਲਾਦ ਨੇ ਬੁਢਾਪੇ ਕਾਰਨ ਉਹਨਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਹੋਵੇ । ਬਹੁਤੇ ਬਜ਼ੁਰਗਾਂ ਨੂੰ ਬੁਢਾਪੇ ਦੀਆਂ ਬੀਮਾਰੀਆਂ ਕਾਰਨ ਉਹਨਾਂ ਦੀ ਸਾਂਭ ਸੰਭਾਲ ਦੀ ਥਾਂ ਇੱਕ ਨੁੱਕਰੇ ਨਰਕ ਦੀ ਜ਼ਿੰਦਗੀ ਜਿਊਣ ਲਈ ਸੁੱਟ ਦਿੱਤਾ ਜਾਂਦਾ ਹੈ ਜਿੱਥੇ ਉਹਨਾਂ ਦੀ ਸਾਫ਼ ਸਫ਼ਾਈ ,ਖਾਣ ਪੀਣ ਤੇ ਮਨੋਭਾਵਾਂ ਦਾ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ। ਬਜ਼ੁਰਗਾਂ ਦੀ ਸੰਭਾਲ ਕਰਨ ਦੀ ਗੱਲ ਜਿਹੜੇ ਦੇਸ਼ ਦੀ ਸੰਸਕ੍ਰਿਤੀ ਦਾ ਹਿੱਸਾ ਰਹੀ ਹੋਵੇ, ਜਿਸ ਦੇਸ਼ ਵਿੱਚ ਬਜ਼ੁਰਗਾਂ ਨੂੰ ਘਰ ਦਾ ਸਰਮਾਇਆ ਸਮਝਿਆ ਜਾਂਦਾ ਰਿਹਾ ਹੋਵੇ, ਬਜ਼ੁਰਗਾਂ ਨੂੰ ਘਰ ਦਾ ਜਿੰਦਰਾ ਆਖਿਆ ਜਾਂਦਾ ਰਿਹਾ ਹੋਵੇ ,ਉਸੇ ਦੇਸ਼ ਵਿੱਚ ਅੱਜ ਦੇ ਦੌਰ ਵਿੱਚ ਬਜ਼ੁਰਗਾਂ ਨਾਲ ਅਣਮਨੁੱਖੀ ਤਸ਼ੱਦਦ ਕੀਤਾ ਜਾਣ ਲੱਗੇ ਤਾਂ ਉਸ ਦੇਸ਼ ਦੇ ਮੱਥੇ ਤੇ ਇਹ ਗੱਲ ਇੱਕ ਕਲੰਕ ਬਣ ਕੇ ਉੱਭਰ ਰਹੀ ਹੈ। ਬਹੁਤੇ ਬਜ਼ੁਰਗ ਬੱਚਿਆਂ ਨੂੰ ਉੱਚ ਵਿੱਦਿਆ ਦਿਵਾਉਣ ਲਈ ਵਿਦੇਸ਼ਾਂ ਵਿੱਚ ਭੇਜ ਰਹੇ ਹਨ,ਜਿਸ ਕਰਕੇ ਉਹ ਪਿੱਛੇ ਇਕੱਲੇ ਰਹਿ ਜਾਣ ਕਾਰਨ ਬੁਢਾਪੇ ਦੀ ਅਵਸਥਾ ਨੂੰ ਇਕਲਾਪੇ ਵਿੱਚ ਕੱਟਣ ਲਈ ਮਜ਼ਬੂਰ ਹੁੰਦੇ ਹਨ । ਇੱਕ ਵਾਰ ਇੱਕ ਬਹੁਤ ਵੱਡੇ ਰਿਟਾਇਰਡ ਅਫਸਰ ਦੇ ਬੱਚੇ ਵਿਦੇਸ਼ ਵਿੱਚ ਵਸਦੇ ਸਨ। ਉਹਨਾਂ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਆਪਣੇ ਪੈਰਾਲਾਈਜ਼ਡ ਪਿਤਾ ਦੀ ਸੰਭਾਲ ਲਈ ਇੱਕ ਪੱਕਾ ਨੌਕਰ ਰੱਖ ਕੇ ਜ਼ਿੰਮੇਵਾਰੀ ਨਿਭਾਈ। ਮਹੀਨੇ ਬਾਅਦ ਨੌਕਰ ਨੂੰ ਉਸ ਦੀ ਤਨਖਾਹ ਭੇਜ ਦਿੰਦੇ ਤੇ ਆਪਣੇ ਪਿਤਾ ਦਾ ਹਾਲ ਚਾਲ ਪੁੱਛ ਲੈਂਦੇ। ਜਦ ਨੌਕਰ ਖ਼ਰੀਦੋ ਫਰੋਖਤ ਕਰਨ ਜਾਂਦਾ ਤਾਂ ਬਜ਼ੁਰਗ ਨੂੰ ਬਾਹਰੋਂ ਜੰਦਰਾ ਲਾ ਜਾਂਦਾ। ਇੱਕ ਦਿਨ ਇਸ ਤਰ੍ਹਾਂ ਬਾਹਰ ਗਿਆ ਨੌਕਰ ਹਾਦਸੇ ਦਾ ਸ਼ਿਕਾਰ ਹੋ ਕੇ ਕੋਹਮਾ ਵਿੱਚ ਚਲਿਆ ਗਿਆ। ਉਸ ਬਜ਼ੁਰਗ ਦੇ ਪੁੱਤਰ ਕਦੇ ਕਦਾਈਂ ਫੋਨ ਕਰਦੇ ਤਾਂ ਉਸ ਦਾ ਫ਼ੋਨ ਬੰਦ ਆਉਣ ਲੱਗਾ। ਕੁਝ ਸਮਾਂ ਤਾਂ ਉਹਨਾਂ ਨੇ ਗੌਲਿਆ ਨਹੀਂ,ਪਰ ਤਿੰਨ ਕੁ ਮਹੀਨੇ ਬਾਅਦ ਜਦ ਪਤਾ ਕਰਨਾ ਚਾਹਿਆ ਜਾਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਵੇਖ ਕੇ ਆਉਣ ਨੂੰ ਕਿਹਾ ਤਾਂ ਬਜ਼ੁਰਗ ਨੂੰ ਜਿਸ ਤਰ੍ਹਾਂ ਪਏ ਨੂੰ ਨੌਕਰ ਛੱਡ ਕੇ ਗਿਆ ਸੀ ਉਸੇ ਤਰ੍ਹਾਂ ਉਸ ਦਾ ਕੰਗਾਲ ਮਿਲਿਆ। ਹੈ ਨਾ ਕਿੰਨੇ ਦੁੱਖ ਦੀ ਗੱਲ...? ਜਿਹੜੇ ਬਜ਼ੁਰਗ ਨੇ ਸਾਰੀ ਉਮਰ ਉੱਚ ਅਹੁਦੇ ਤੇ ਹਿੱਕ ਤਾਣ ਕੇ ਨੌਕਰੀ ਕੀਤੀ ਉਸ ਦਾ ਅੰਤ ਕਿਸ ਤਰ੍ਹਾਂ ਹੋਇਆ। ਇਹ ਕੋਈ ਇੱਕ ਬਜ਼ੁਰਗ ਦੀ ਕਹਾਣੀ ਨਹੀਂ ਹੈ,ਪਤਾ ਨਹੀਂ ਕਿੰਨੇ ਕੁ ਬਜ਼ੁਰਗ ਸਾਂਭ ਸੰਭਾਲ ਤੇ ਅਣਦੇਖੀ ਕਾਰਨ ਰੁ਼ਲ ਰਹੇ ਹਨ।

ਇਸ ਤਰ੍ਹਾਂ ਬਜ਼ੁਰਗਾਂ ਪ੍ਰਤੀ ਬਦਲ ਰਹੇ ਸਮਾਜਿਕ ਵਰਤਾਰੇ ਦਾ ਕਾਰਨ ਪਦਾਰਥਵਾਦੀ ਸੋਚ, ਇਕਹਿਰੇ ਪਰਿਵਾਰ ਅਤੇ ਸਿੱਖਿਆ ਵਿੱਚ ਘਾਟ ਹੈ। ਅੱਜ ਰਿਸ਼ਤਿਆਂ ਤੋਂ ਪਹਿਲਾਂ ਪੈਸੇ ਅਤੇ ਜਾਇਦਾਦ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪਰਿਵਾਰਾਂ ਵਿੱਚ ਦੁੱਖ ਸੁੱਖ ਵੰਡਾਉਣ ਦੀ ਥਾਂ ਖੁਸ਼ੀਆਂ ਕਲੱਬਾਂ, ਥਿਏਟਰਾਂ ਵਿੱਚ ਭਾਲ਼ੀਆਂ ਜਾ ਰਹੀਆਂ ਹਨ। ਅੱਜ ਪਾਠਕ੍ਰਮ ਸਮਝਾਏ ਨਹੀਂ ਸਗੋਂ ਸਿਰਫ ਪੜ੍ਹਾ ਕੇ ਸਿਲੇਬਸ ਪੂਰੇ ਕੀਤੇ ਜਾ ਰਹੇ ਹਨ। ਅੱਜ ਘਰ ਪਰਿਵਾਰ ਦੇ ਮੈਂਬਰਾਂ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਸਗੋਂ ਬਾਹਰਲੀ ਦੁਨੀਆ ਨੂੰ ਦਿਮਾਗ ਵਿੱਚ ਰੱਖ ਕੇ ਮਨੁੱਖ ਆਪਣਾ ਜੀਵਨ ਨਿਰਬਾਹ ਕਰ ਰਿਹਾ ਹੈ। ਜੇ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਸਾਡੇ ਬਜ਼ੁਰਗਾਂ ਦੀ ਸਾਂਭ ਸੰਭਾਲ ਪਹਿਲਾਂ ਵਾਂਗ ਹੀ ਸੋਹਣੇ ਢੰਗ ਨਾਲ ਕੀਤੀ ਜਾਏ ਤਾਂ ਮੁੱਢਲੀ ਵਿੱਦਿਆ ਤੋਂ ਲੈਕੇ ਉੱਚ ਵਿੱਦਿਆ ਤੱਕ ਕਿਤਾਬੀ ਪੜ੍ਹਾਈ ਦੇ ਨਾਲ ਨਾਲ ਉਸੇ ਤਰ੍ਹਾਂ ਹੀ ਵੱਡਿਆਂ ਦੀ ਸਾਂਭ ਸੰਭਾਲ ਲਈ ਨੈਤਿਕ ਸਿੱਖਿਆ ਦਾ ਹਰ ਰੋਜ਼ ਦੀ ਸਮਾਂ ਸਾਰਨੀ ਵਿੱਚ ਕੁਝ ਸਮਾਂ ਨਿਸ਼ਚਿਤ ਕੀਤਾ ਜਾਏ ਤਾਂ ਜੋ ਰੋਜ਼ ਰੋਜ਼ ਵੱਡਿਆਂ ਦੀ ਸੰਭਾਲ ਦੀ ਭਾਵਨਾ ਨੂੰ ਬੱਚਿਆਂ ਦੇ ਦਿਮਾਗ ਵਿੱਚ ਪਰਪੱਕ ਕੀਤਾ ਜਾਏ।



**ਬਰਜਿੰਦਰ ਕੌਰ ਬਿਸਰਾਓ...**
**9988901324**









Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**
**email:-Samajweekly@gmail.com**